ੴ

# GURBANI CONTEMPLATION

## 4

ਮਾਇਆਧਾਰੀ ਅਤਿ ਅੰਨਾ ਬੋਲਾ ॥ ਸਬਦੁ ਨ ਸੁਣਈ ਬਹੁ ਰੋਲ ਘਚੋਲਾ ॥

**Attached to *Maya* man is blind and deaf.**
**Hears not the *Shabad* but makes great uproar/ tumult.**

## ‘KHOJI’

**ਮਾਇਆ ਧਾਰੀ ਅਤਿ ਅੰਨਾ ਬੋਲਾ ॥**
**ਸਬਦੁ ਨ ਸੁਣਈ ਬਹੁ ਰੋਲ ਘਚੋਲਾ ॥** (ਪੰਨਾ 313)

ਇਸ ਪੰਗਤੀ ਵਿਚ ਕੇਂਦਰੀ ਨੁਕਤਾ ਹੈ **'ਮਾਇਆ'**, ਜਿਸ ਦੀ ਡੂੰਘੀ ਵਿਚਾਰ ਕਰਨ ਦੀ ਲੋੜ ਹੈ।

ਪ੍ਰਚਲਤ ਖਿਆਲਾਂ ਅਨੁਸਾਰ ਸਿਰਫ਼ ਰੁਪਏ, ਨਕਦੀ, ਸੋਨੇ, ਚਾਂਦੀ ਆਦਿ ਨੂੰ ਹੀ **'ਮਾਇਆ'** ਸਮਝਿਆ ਜਾਂਦਾ ਹੈ। ਪਰ ਜੇਕਰ ਗਹੁ ਨਾਲ ਵਿਚਾਰਿਆ ਜਾਵੇ ਤਾਂ ਸਾਡੀ ਇਹ ਵਿਚਾਰ ਅਧੂਰੀ ਅਤੇ ਇਕ ਪੱਖੀ ਪ੍ਰਤੀਤ ਹੋਵੇਗੀ।

**'ਮਾਇਆ'** ਦੇ ਕਈ ਰੰਗ-ਰੂਪ ਅਤੇ ਪੱਖ ਹਨ :—

1. **ਜੜ੍ਹ ਮਾਇਆ**—'ਜੜ੍ਹ ਮਾਇਆ' ਵਿਚ ਉਹ ਸਭ ਚੀਜ਼ਾਂ ਆਉਂਦੀਆਂ ਹਨ, ਜਿਨ੍ਹਾਂ ਵਿਚ **ਚੇਤਨਤਾ** (Consciousness) ਨਾ ਹੋਵੇ, ਜਿਸ ਤਰ੍ਹਾਂ, ਧਰਤੀ, ਮਕਾਨ, ਧਾਤਾਂ, ਸੋਨਾ, ਚਾਂਦੀ ਆਦਿ।

ਤਾਜੀ ਤੁਰਕੀ ਸੁਇਨਾ ਰੁਪਾ ਕਪੜ ਕੇਰੇ ਭਾਰਾ ॥
ਕਿਸ ਹੀ ਨਾਲਿ ਨ ਚਲੇ ਨਾਨਕ ਝੜਿ ਝੜਿ ਪਏ ਗਵਾਰਾ ॥ ..
ਦੇ ਦੇ ਨੀਵ ਦਿਵਾਲ ਉਸਾਰੀ ਭਸ ਮੰਦਰ ਕੀ ਢੇਰੀ ॥
ਸੰਚੇ ਸੰਚਿ ਨ ਦੇਈ ਕਿਸ ਹੀ ਅੰਧੁ ਜਾਣੈ ਸਭ ਮੇਰੀ ॥ (ਪੰਨਾ 155)
ਮੁਕਤਿ ਮਾਲ ਕਨਿਕ ਲਾਲ ਹੀਰਾ **ਮਨ ਰੰਜਨ ਕੀ ਮਾਇਆ ॥** (ਪੰਨਾ 700)
**ਰਾਜੁ ਮਾਲੁ ਝੂਠੀ ਸਭ ਮਾਇਆ ॥** (ਪੰਨਾ 1155)

2. **ਚੇਤਨ ਮਾਇਆ**—'ਚੇਤਨ ਮਾਇਆ' ਉਹ ਜੀਵ ਹਨ, ਜਿਨ੍ਹਾਂ ਵਿਚ **ਚੇਤਨਤਾ ਜਾਂ ਬੁੱਧੀ ਪ੍ਰਵਿਰਤ ਹੁੰਦੀ ਹੈ,** ਜਿਸ ਤਰ੍ਹਾਂ ਕਿ ਪਸ਼ੂ, ਪੰਛੀ, ਇਨਸਾਨ ਆਦਿ। ਇਨ੍ਹਾਂ ਦੀ ਚੇਤਨਤਾ ਭਿੰਨ-ਭਿੰਨ ਦਰਜੇ ਦੀ ਹੁੰਦੀ ਹੈ। ਇਹ '**ਚੇਤਨਤਾ**' ਕੁਦਰਤ ਅਨੁਸਾਰ ਹਰ ਇਕ ਕਿਸਮ ਦੇ ਜੀਵਾਂ ਵਿਚ '**ਸੀਮਤ**' **ਹੁੰਦੀ ਹੈ।** ਪਰ ਇਨਸਾਨ ਦੀ ਚੇਤਨਤਾ ਅਤੇ ਬੁੱਧੀ ਸੀਮਤ ਨਹੀਂ, ਇਹ ਬੇਅੰਤ ਦਰਜੇ ਤਾਂਈ ਵਿਕਸਿਤ ਹੋਣ ਦੀ ਸ਼ਕਤੀ ਰਖਦੀ ਹੈ। ਇਸੇ 'ਸੂਖਮ ਚੇਤਨਤਾ' ਅਤੇ ਤੀਖਣ ਬੁੱਧੀ ਕਾਰਨ ਇਨਸਾਨ ਮੋਹ-ਮਮਤਾ ਵਿਚ ਗਲਤਾਨ ਹੋਇਆ ਰਹਿੰਦਾ ਹੈ।

ਪੁਤਿ ਕੁਟੰਬਿ ਗ੍ਰਿਹਿ ਮੋਹਿਆ ਮਾਇ ॥
ਮਨਮੁਖਿ ਅੰਧਾ ਆਵੈ ਜਾਇ ॥ (ਪੰਨਾ 161)



# Attached to *Maya* man is blind and deaf. Hears not the *Shabad* but makes great uproar/ tumult.

In these versus the central theme is ***'Maya'.***
There is a need to discuss this topic in depth.

According to the normal thinking only money, cash, gold, silver etc is referred to as ***'Maya'***. But if we analyse this carefully then we will realise that our thoughts are incomplete and biased.

***'Maya'*** has many forms and aspects**: --**

1. **Inanimate *Maya*** –Those things in which there is no **Consciousness** - like earth, buildings, minerals, gold, silver etc. are included in inanimate *Maya*.

*The Turkish steed, gold, silver and loads of raiment,*
*Accompany not any one, O Nanak. They are left behind in this World, O fool.*
*Crystalline-sugar and raisins I have all tasted, The Name alone is Nectar sweet, O Lord.*
*By giving (digging) deep foundations, man constructs the walls. Such edifices, at last become a heap of dust.*
*The man amasses and hoards riches and gives to none. The fool thinks that all is his own.* *155*

*Pearl necklaces, gold, rubies and diamonds are the illusory riches, **which please not mind.*** *700*

***Sovereignty, property and all riches are false.*** *1155*

**2. Animate *Maya*** - Those beings in whom **consciousness or intelligence is present** like in animals, birds, human beings etc. are included in animate *Maya*. The degree of their consciousness varies. According to nature, in every form of life, this **consciousness is 'limited'**. But in human beings' consciousness and intelligence is not limited. It has the power to develop to an infinite degree. It is because of this 'subtle consciousness and sharp intelligence that man remains absorbed in attachment and affection.

*The sons, family, Home, and riches have fascinated the man.*
*The blind wayward person comes and goes.* *161*

ਕੰਚਨ ਨਾਰੀ ਮਹਿ ਜੀਉ ਲੁਭਤੁ ਹੈ ਮੋਹੁ ਮੀਠਾ ਮਾਇਆ ॥
ਘਰ ਮੰਦਰ ਘੋੜੇ ਖੁਸੀ ਮਨੁ ਅਨਰਸਿ ਲਾਇਆ ॥ (ਪੰਨਾ 167)

ਪੂਤ ਮੀਤ ਮਾਇਆ ਮਮਤਾ ਸਿਉ ਇਹ ਬਿਧਿ ਆਪੁ ਬੰਧਾਵੈ ॥ (ਪੰਨਾ 219)

ਮਾਤ ਪਿਤਾ ਭਾਈ ਸੁਤ ਬਨਿਤਾ ਤਾ ਕੈ ਰਸਿ ਲਪਟਾਨਾ ॥ (ਪੰਨਾ 685)

ਮਾਇਆ ਸੁਤ ਦਾਰਾ ਜਗਤ ਪਿਆਰਾ
ਚੋਗ ਚੁਗੈ ਨਿਤ ਫਾਸੈ ॥ (ਪੰਨਾ 1110)

3. **ਅਚੇਤ ਮਾਇਆ**—ਕਈ ਵਾਰੀ **ਅਚਨਚੇਤ** ਹੀ ਐਸੀ ਹਾਲਤ ਵਰਤਦੀ ਹੈ, ਜਿਸ ਵਿਚ ਸਾਡੇ **ਚੇਤਨ ਖਿਆਲਾਂ ਜਾਂ ਕਰਮਾਂ** ਦਾ ਕੋਈ ਕਾਰਨ ਨਹੀਂ ਹੁੰਦਾ। ਇਹ ਸਾਡੇ ਪਿਛਲੇ **'ਸੰਸਕਾਰਾਂ' ਦਾ ਨਤੀਜਾ** ਹੁੰਦਾ ਹੈ। ਇਹ ਨਤੀਜਾ ਸਾਨੂੰ ਅਵੱਸ਼ ਹੀ ਭੁਗਤਣਾ ਪੈਂਦਾ ਹੈ।

ਆਧਿ ਬਿਆਧਿ ਉਪਾਧਿ ਰਸ ਕਬਹੁ ਨ ਤੂਟੈ ਤਾਪ ॥ (ਪੰਨਾ 297)

ਕਈ ਵਾਰੀ ਭਾਈਚਾਰੇ (Society) ਦੇ ਗਲਤ ਕਰਮਾਂ ਦਾ ਫਲ ਸਾਨੂੰ ਭੁਗਤਣਾ ਪੈਂਦਾ ਹੈ। ਇਸ ਤੋਂ ਇਲਾਵਾ ਕੁਦਰਤੀ ਭਵਜਲ ਭੀ ਭੁਗਤਣੇ ਪੈਂਦੇ ਹਨ।

ਝੜ ਝਖੜ ਓਹਾੜ ਲਹਰੀ ਵਹਨਿ ਲਖੇਸਰੀ ॥ (ਪੰਨਾ 1410)

ਧਰਤੀ ਉਪਰਿ ਕੋਟਗੜ ਭੁਇਚਾਲ ਕੰਮੰਦੇ।
ਝਖੜਿ ਆਏ ਤਰੁਵਰਾ ਸਰਬਤ ਹਲੰਦੇ।
ਡਵਿ ਲਗੈ ਉਜਾੜਿ ਵਿਚਿ ਸਭ ਘਾਹ ਜਲੰਦੇ।
ਹੜ ਆਏ ਕਿਨਿ ਥੰਮੀਅਨਿ ਦਰਿਆਉ ਵਹੰਦੇ। (ਵਾ.ਭਾ.ਗੁ. 35/21)

4. **ਖਿਆਲੀ ਮਾਇਆ**— ਰੱਬੀ ਬਖਸ਼ਿਸ਼ ਦੁਆਰਾ, ਇਨਸਾਨ ਆਪਣੀ ਤੀਖਣ ਬੁੱਧੀ ਨਾਲ ਕਈ ਕਿਸਮ ਦੇ **'ਖਿਆਲ'** ਸੋਚਦਾ, ਘੋਖਦਾ ਅਤੇ ਵਿਉਂਤਾਂ ਘੜਦਾ ਰਹਿੰਦਾ ਹੈ ਤੇ ਉਨ੍ਹਾਂ ਦੀ ਪੂਰਤੀ ਲਈ ਆਹਰੇ ਲਗਿਆ ਰਹਿੰਦਾ ਹੈ। ਅਸਲ ਵਿਚ ਹਰ ਇਨਸਾਨ ਆਪਣੇ ਖਿਆਲਾਂ ਤੇ ਸੋਚਣੀ ਦੁਆਰਾ ਆਪਣੇ ਉਦਾਲੇ **ਚੰਗੀ ਜਾਂ ਮਾੜੀ 'ਦੁਨੀਆ' ਰਚਦਾ ਰਹਿੰਦਾ ਹੈ** ਅਤੇ ਆਪੂੰ ਘੜੀ **'ਖਿਆਲੀ ਦੁਨੀਆਂ'** ਵਿਚ ਵਿਚਰਦਾ ਹੋਇਆ ਦੁਖ-ਸੁਖ ਭੋਗਦਾ ਰਹਿੰਦਾ ਹੈ ਤੇ ਭਵਿੱਖ ਲਈ ਆਪਣੇ **'ਭਾਗ' ਜਾਂ ਕਿਸਮਤ ਬਣਾ ਰਿਹਾ ਹੈ।**

**Man is incessantly weaving his own good or bad world around himself by his own thoughts-like a silkworm, and suffer the consequences of his own thoughts and deeds; thereby creating his own fate and destiny.**



*In gold and woman, the man is lured and sweet to him is the love of worldly valuables.*
He has attached his mind to the pleasures of houses, palaces, horses, and other relishes. *167*

*In this way he binds himself to children, friends, worldliness and egoism.* 219

*The mother, father, brother, son and wife, in their love, the man is engrossed.* 685

*Through wealth, children and wife, he writhes in pain.* 1110

3. **Sub-conscious *maya*** - Many a time a certain situation develops **unanticipatedly** which cannot be traced to our **conscious thoughts or deeds**. This **results from our past karmic deeds.** We have no choice but to face the consequences.

*They remain merged in pains and pleasures of the mind and body and their fever (worry) never departs.* *297*

Many a time we have to bear the burden of the wrong doings of Society. Apart from this we also have to suffer natural worldly disasters.

*Amidst continued rains, storms, floods and surging of lacs of waves, if thou shout for help to thy True Guru* *1410*

*When there is an earthquake all the buildings and forts shiver.*
*In the face of a storm the trees begin to sway.*
*In the jungle when the jungle catches fire all the vegetation gets burnt.*
*In times of rising floods who can dam the rivers.* *V.B.G. 35/21*

4. **Thoughts *maya*** - By Divine grace, the human beings with their sharp intelligence dwell and probe on many kinds of **'thoughts'**, making plans and keeping themselves busy in fulfilling them. In reality, every human being is incessantly weaving his **own good or bad world of thoughts around himself - like a silk worm.** He thus suffers the consequences of his own thoughts and deeds; thereby creating his **own fate and destiny.**

Man is incessantly weaving his own good or bad world around himself by his own thoughts – like a silkworm and suffers the consequences of his own thoughts and deeds; thereby creating his own fate and destiny.

ਉਰਝਿ ਰਹਿਓ ਬਿਖਿਆ ਕੇ ਸੰਗਾ ॥
ਮਨਹਿ ਬਿਆਪਤ ਅਨਿਕ ਤਰੰਗਾ ॥ (ਪੰਨਾ 759)

ਮਾਇਆ ਮਮਤਾ ਪਵਹਿ ਖਿਆਲੀ ॥
ਜਮਪੁਰਿ ਫਾਸਹਿਗਾ ਜਮ ਜਾਲੀ ॥ (ਪੰਨਾ 993)

5. **ਵਾਸ਼ਨਾ ਮਾਇਆ**—ਪੰਜ ਤਤ-ਕਾਮ, ਕਰੋਧ, ਲੋਭ, ਮੋਹ, ਹੰਕਾਰ ਆਦਿ ਸਾਡੇ ਮਨ ਦੀਆਂ **ਵਾਸਨਾਵਾਂ** ਹਨ ਤੇ ਇਨ੍ਹਾਂ ਦੇ ਅਸਰ ਹੇਠ ਅਸੀਂ ਆਪਣੇ ਖਿਆਲਾਂ ਨੂੰ **'ਰੰਗਣ'** ਚਾੜ੍ਹ ਕੇ ਆਪਣੀ **'ਵਾਸ਼ਨਾਵੀ ਦੁਨੀਆ'** ਘੜਦੇ ਰਹਿੰਦੇ ਹਾਂ ਤੇ ਉਸ ਦਾ ਨਤੀਜਾ ਭੁਗਤਦੇ ਰਹਿੰਦੇ ਹਾਂ। ਇਹ **'ਵਾਸ਼ਨਾਵੀ ਦੁਨੀਆ'** ਬੜੀ ਸੂਖਮ ਤੇ ਦਾਮਨਿਕ ਹੈ, ਜਿਸ ਵਿਚ ਸਾਰੀ ਦੁਨੀਆ ਗਲਤਾਨ ਹੋ ਕੇ ਦੁਖੀ ਹੋ ਰਹੀ ਹੈ।

ਮਾਇਆ ਜਾਲੁ ਪਸਾਰਿਆ ਭੀਤਰਿ ਚੋਗ ਬਣਾਇ ॥
ਤ੍ਰਿਸਨਾ ਪੰਖੀ ਫਾਸਿਆ ਨਿਕਸੁ ਨ ਪਾਏ ਮਾਇ ॥ (ਪੰਨਾ 50)

ਕਾਮੁ ਕ੍ਰੋਧੁ ਮਾਇਆ ਮਹਿ ਚੀਤੁ ॥
ਝੂਠ ਵਿਕਾਰਿ ਜਾਗੈ ਹਿਤ ਚੀਤੁ ॥
ਪੂੰਜੀ ਪਾਪ ਲੋਭ ਕੀ ਕੀਤੁ ॥ (ਪੰਨਾ 153)

ਦੂਜੀ ਮਾਇਆ ਜਗਤ ਚਿਤ ਵਾਸੁ ॥
ਕਾਮ ਕ੍ਰੋਧ ਅਹੰਕਾਰ ਬਿਨਾਸੁ ॥ (ਪੰਨਾ 223)

ਸਾਕਤ ਮੂੜ ਮਾਇਆ ਕੇ ਬਧਿਕ
ਵਿਚਿ ਮਾਇਆ ਫਿਰਹਿ ਫਿਰੰਦੇ ॥
ਤ੍ਰਿਸਨਾ ਜਲਤ ਕਿਰਤ ਕੇ ਬਾਧੇ
ਜਿਉ ਤੇਲੀ ਬਲਦ ਭਵੰਦੇ ॥ (ਪੰਨਾ 800)

6. **ਹਉਮੈ ਮਾਇਆ**—ਇਹ ਅਤਿਅੰਤ ਸੂਖਮ, ਸਥੂਲ, ਬਹੁਰੰਗੀ, ਵਿਸ਼ਾਲ ਤੇ ਤ੍ਰੈ-ਗੁਣਾਂ ਵਿਚ **ਤਾਣੇ-ਪੇਟੇ ਵਾਂਗ ਰਵਿੰ ਰਹੀ ਹੈ।**

**'ਹਉਮੈ' ਸੰਸਾਰ ਦੀ 'ਬੀਜ' ਹੈ।**
**ਇਹ ਹਉਮੈ ਹੀ ਤ੍ਰੈ-ਗੁਣਾਂ ਦੇ 'ਦੂਜੇ ਭਾਉ' ਦਾ ਮੁੱਢ ਕਾਰਨ ਹੈ।**

ਸਾਡੀ ਜੋਤ-ਸਰੂਪੀ 'ਆਤਮਾ' ਦੇ ਉਦਾਲੇ ਹਉਮੈ ਦਾ **'ਖਿਆਲੀ ਬੁਲਬੁਲਾ'** ਬਣਿਆ ਹੋਇਆ ਹੈ, ਜਿਸ ਕਾਰਨ ਸਾਡਾ **ਹਉਮੈ-ਵੇੜਿਆ ਮਨ** ਆਪਣੀ ਜੋਤ ਸਰੂਪੀ ਆਤਮਾ ਨੂੰ **ਭੁਲ ਕੇ** ਅਥਵਾ ਅਣਜਾਣ ਅਤੇ ਬੇਪਰਵਾਹ ਹੋ ਕੇ ਕਰਮ ਕਰਦਾ ਤੇ ਨਤੀਜੇ ਭੁਗਤਦਾ ਹੈ।

ਮਾਇਆ ਕਿਸਨੋ ਆਖੀਐ ਕ੍ਰਿਆ ਮਾਇਆ ਕਰਮ ਕਮਾਇ ॥
**ਦੁਖਿ ਸੁਖਿ ਏਹੁ ਜੀਉ ਬਧੁ ਹੈ ਹਉਮੈ ਕਰਮ ਕਮਾਇ ॥** (ਪੰਨਾ 67)



*Man is entangled in the company of sin*
*The various waves perturb the mind.* *759*

*One is involved in he thought of wealth and wealth and worldly love.*
*In the city of death, he is caught in the city of Yama's noose.* *993*

5. **Maya of the senses** - The five elements - lust, anger greed, attachment and pride are the **sensors** of our mind, and under their influence we our thoughts are imbued with their **colour.** Accordingly, we keep creating the **'world of senses'** and facing the consequences. This '**world of senses'** is very subtle and dynamic in which the whole world is entangled and experiences suffering.

***Mammon has spread out its net and in it has placed the bait***
***The avaricious bird is snared and cannot escape, O my Mother!*** *50*

*In lust, wrath and wealth, thy mind is engrossed.*
*On account of secular love in thy mind, thou art awake in falsehood and sin.*
*Thou hast amassed the capital of vice and greed.* *153*

***Other's love and wealth abide in the mind of the people of the world.***
***They are devastated by lust, wrath and ego.*** *223*

***The unwise apostates are the captives of mammon and continue roaming about in mammon.***
***Burnt by desire and bound by their past deeds they go around like the oilman's ox.*** *800*

6. **Maya of Ego** – This is extremely imperceptible, gross, multicoloured, immense and is intertwined in the triple attributes.

**'Ego' is the 'seed' of creation.**

**This ego or 'Haumai' is the root cause of 'duality' emerging from the three attributes.**

Around our 'soul's' light form is the egoistic **'bubble of imagination'**. This is the reason our **ego ridden mind**, forgetting the soul's light form, unconsciously and carelessly does deeds and faces the consequences.

*Whom do men call mammon? What work does mammon do?*
***In woe and weal mammon has enchained this mortal and caused him to go about his business in ego.*** *67*

ਦੂਜੈ ਭਾਇ ਨ ਸੇਵਿਆ ਜਾਇ ॥
**ਹਉਮੈ ਮਾਇਆ ਮਹਾ ਬਿਖੁ ਖਾਇ ॥** (ਪੰਨਾ 161)

**ਹਉਮੈ ਮਾਇਆ ਸਭ ਬਿਖੁ ਹੈ ਨਿਤ ਜਗਿ ਤੋਟਾ ਸੰਸਾਰਿ ॥** (ਪੰਨਾ 300)

**ਮਨ ਤੂੰ ਗਾਰਬਿ ਅਟਿਆ ਗਾਰਬਿ ਲਦਿਆ ਜਾਹਿ ॥**
**ਮਾਇਆ ਮੋਹਣੀ ਮੋਹਿਆ ਫਿਰਿ ਫਿਰਿ ਜੂਨੀ ਭਵਾਹਿ ॥** (ਪੰਨਾ 441)

ਹਉ ਵਿਚਿ ਆਇਆ ਹਉ ਵਿਚਿ ਗਇਆ ॥
ਹਉ ਵਿਚਿ ਜੰਮਿਆ ਹਉ ਵਿਚਿ ਮੁਆ ॥
ਹਉ ਵਿਚਿ ਦਿਤਾ ਹਉ ਵਿਚਿ ਲਇਆ ॥
ਹਉ ਵਿਚਿ ਖਟਿਆ ਹਉ ਵਿਚਿ ਗਇਆ ॥
ਹਉ ਵਿਚਿ ਸਚਿਆਰੁ ਕੂੜਿਆਰੁ ॥
ਹਉ ਵਿਚਿ ਪਾਪ ਪੁੰਨ ਵੀਚਾਰੁ ॥
ਹਉ ਵਿਚਿ ਨਰਕਿ ਸੁਰਗਿ ਅਵਤਾਰ ॥
ਹਉ ਵਿਚਿ ਹਸੈ ਹਉ ਵਿਚਿ ਰੋਵੈ ॥
ਹਉ ਵਿਚਿ ਭਰੀਐ ਹਉ ਵਿਚਿ ਧੋਵੈ ॥
ਹਉ ਵਿਚਿ ਜਾਤੀ ਜਿਨਸੀ ਖੋਵੈ ॥
**ਹਉ ਵਿਚਿ ਮੂਰਖੁ ਹਉ ਵਿਚਿ ਸਿਆਣਾ ॥**
**ਮੋਖ ਮੁਕਤਿ ਕੀ ਸਾਰ ਨ ਜਾਣਾ ॥**
**ਹਉ ਵਿਚਿ ਮਾਇਆ ਹਉ ਵਿਚਿ ਛਾਇਆ ॥**
**ਹਉਮੈ ਕਰਿ ਕਰਿ ਜੰਤ ਉਪਾਇਆ ॥** (ਪੰਨਾ 466)

ਮਾਇਆ ਮੋਹੁ ਸਭੁ ਕੂੜੁ ਹੈ ਕੂੜੋ ਹੋਇ ਗਇਆ ॥
ਹਉਮੈ ਝਗੜਾ ਪਾਇਓਨੁ ਝਗੜੈ ਜਗੁ ਮੁਇਆ ॥ (ਪੰਨਾ 790)

ਹਉਮੈ ਮਾਇਆ ਮੋਹਣੀ ਦੂਜੈ ਲਗੈ ਜਾਇ ॥ (ਪੰਨਾ 853)

ਇਨ੍ਹਾਂ ਵਿਚਾਰਾਂ ਤੋਂ ਸਿੱਧ ਹੋਇਆ ਕਿ **'ਹਉਮੈ' ਹੀ ਮਾਇਆ ਦੀ ਬੀਜ, ਮੁੱਢ ਕਾਰਣ ਜਾਂ ਸਰੂਪ ਹੈ।** ਜਿਸ ਵਿਚੋਂ 'ਦੂਜਾ ਭਾਉ' ਉਪਜਿਆ ਹੈ ਤੇ ਇਸੇ ਵਿਚ ਸਾਰੀ ਸ੍ਰਿਸ਼ਟੀ ਤਿੰਨਾਂ ਗੁਣਾਂ ਵਿਚ ਗਲਤਾਨ ਹੋ ਕੇ ਸੋਚਦੀ, ਵਿਚਾਰਦੀ, ਕਰਮ ਕਰਦੀ ਤੇ ਨਤੀਜੇ ਭੁਗਤਦੀ ਹੈ।

7. **ਅਧਿਆਤਮਿਕ ਮਾਇਆ**— ਹਉਮੈ ਅਤੇ ਦੂਜੇ ਭਾਉ ਦੀ ਨਿਵਿਰਤੀ ਲਈ ਕਈ ਕਿਸਮ ਦੇ **ਧਰਮ ਘੜੇ ਜਾਂਦੇ ਹਨ,** ਪਰ **ਜੀਵ ਧਰਮਾਂ ਨੂੰ ਭੀ ਹਉਮੈ ਅਥਵਾ 'ਦੂਜੇ ਭਾਉ' ਦੀ ਰੰਗਣ ਚਾੜ੍ਹ ਦਿੰਦੇ ਹਨ।** ਐਸੇ ਹਉਮੈ ਵੇੜੇ ਧਰਮਾਂ ਦੇ ਅਸਰ ਹੇਠ ਅਸੀਂ ਅਨੇਕਾਂ ਪ੍ਰਕਾਰ ਦੇ **ਕਰਮ ਕਾਂਡ ਤੇ ਫਿਲਾਸਫੀਆਂ** ਵਿਚ ਪ੍ਰਵਿਰਤ ਹੋਏ ਰਹਿੰਦੇ ਹਾਂ।



*In duality Lord's service cannot be performed*
***In egotism and worldly wealth, the mortal eats the deadly poison.*** *161*

***Self-conceit and wealth are all poison. Attached therewith, man ever suffers loss in this world.*** *300*

***O' man, thou art full of with pride and laden with pride and thou shalt depart*** *441*

*In pride man comes, in pride he departs.*
*In pride he is born, in pride he dies.*
*In pride he gives, in pride he takes*
*In pride he earns, in pride he losses*
*In pride he becomes true or false*
*In pride he reflects on virtue or vice.*
*In pride he falls in hell or heaven*
*In pride he laughs, in pride he weeps.*
*In pride he is soiled, in pride he is washed off.*
*In pride, he loses he castes and kind.*
***In pride, he is ignorant, in pride he is wise***
***He knows not the worth of salvation and emancipation.***
***In pride he loves mammon and in pride he is shadowed by it***
***By taking pride the beings are created.*** *466*

*The love of mammon is all false and false becomes he, who loves it.*
*Through pride man is involved in strife and in strifes, he perishes.* *790*

*Through fascinating mammon, wells up ego and man is yoked to duality.* *853*

It is clear from this discussion that '**ego' is the seed, the root cause or form of *maya.*** From this 'duality' has emerged and the whole creation is engrossed in the three attributes; thinking, pondering, doing deeds and this faces consequences.

**7. Religious Maya -** To free oneself from ego and duality many forms of religions have been created but **man adds on the colour of ego or 'duality' even to these religion**s. Under the influence of such ego ridden religions, we are attached to the numerous **mundane rituals and philosophies**.

**ਹਉ ਵਿਚਿ ਸਚਿਆਰੁ ਕੂੜਿਆਰੁ ॥**
**ਹਉ ਵਿਚਿ ਪਾਪ ਪੁੰਨ ਵੀਚਾਰੁ ॥** (ਪੰਨਾ 466)

ਦੂਜੇ ਲਫ਼ਜਾਂ ਵਿਚ ਸਾਡੇ ਧਾਰਮਿਕ ਕਿਰਿਆ-ਕਰਮ, ਕਰਮ-ਕਾਂਡ, ਪਾਠ-ਪੂਜਾ, ਧਾਰਮਿਕ ਗਿਆਨ-ਧਿਆਨ ਦੀ ਤਹਿ ਵਿਚ **ਮੁੱਢਲਾ ਕਾਰਨ 'ਹਉਮੈ' ਹੀ ਹੈ।**

ਕਰਮ ਕਾਂਡ ਬਹੁ ਕਰਹਿ ਅਚਾਰ ॥
ਬਿਨੁ ਨਾਵੈ ਧ੍ਰਿਗੁ ਧ੍ਰਿਗੁ ਅਹੰਕਾਰ ॥ (ਪੰਨਾ 162)

ਪਾਠੁ ਪੜਿਓ ਅਰੁ ਬੇਦੁ ਬੀਚਾਰਿਓ ਨਿਵਲਿ ਭੁਅੰਗਮ ਸਾਧੇ ॥
**ਪੰਚ ਜਨਾ ਸਿਉ ਸੰਗੁ ਨ ਛੁਟਕਿਓ ਅਧਿਕ ਅਹੰਬੁਧਿ ਬਾਧੇ ॥**
**ਪਿਆਰੇ ਇਨ ਬਿਧਿ ਮਿਲਣੁ ਨ ਜਾਈ ਮੈ ਕੀਏ ਕਰਮ ਅਨੇਕਾ ॥**
ਹਾਰਿ ਪਰਿਓ ਸੁਆਮੀ ਕੈ ਦੁਆਰੈ ਦੀਜੈ ਬੁਧਿ ਬਿਬੇਕਾ ॥
ਮੋਨਿ ਭਇਓ ਕਰਪਾਤੀ ਰਹਿਓ ਨਗਨ ਫਿਰਿਓ ਬਨ ਮਾਹੀ ॥
ਤਟ ਤੀਰਥ ਸਭ ਧਰਤੀ ਭ੍ਰਮਿਓ ਦੁਬਿਧਾ ਛੁਟਕੈ ਨਾਹੀ ॥
ਮਨ ਕਾਮਨਾ ਤੀਰਥ ਜਾਇ ਬਸਿਓ ਸਿਰਿ ਕਰਵਤ ਧਰਾਏ ॥
ਮਨ ਕੀ ਮੈਲੁ ਨ ਉਤਰੈ ਇਹ ਬਿਧਿ ਜੇ ਲਖ ਜਤਨ ਕਰਾਏ ॥
ਕਨਿਕ ਕਾਮਿਨੀ ਹੈਵਰ ਗੈਵਰ ਬਹੁ ਬਿਧਿ ਦਾਨੁ ਦਾਤਾਰਾ ॥
ਅੰਨ ਬਸਤ੍ਰ ਭੂਮਿ ਬਹੁ ਅਰਪੇ ਨਹ ਮਿਲੀਐ ਹਰਿ ਦੁਆਰਾ ॥
ਪੂਜਾ ਅਰਚਾ ਬੰਦਨ ਡੰਡਉਤ ਖਟੁ ਕਰਮਾ ਰਤੁ ਰਹਤਾ ॥
**ਹਉ ਹਉ ਕਰਤ ਬੰਧਨ ਮਹਿ ਪਰਿਆ ਨਹ ਮਿਲੀਐ ਇਹ ਜੁਗਤਾ ॥**
ਜੋਗ ਸਿਧ ਆਸਣ ਚਉਰਾਸੀਹ ਏ ਭੀ ਕਰਿ ਕਰਿ ਰਹਿਆ ॥
ਵਡੀ ਆਰਜਾ ਫਿਰਿ ਫਿਰਿ ਜਨਮੈ ਹਰਿ ਸਿਉ ਸੰਗੁ ਨ ਗਹਿਆ ॥
ਪਾਖੰਡ ਭਰਮ ਉਪਾਵ ਕਰਿ ਥਾਕੇ ਰਿਦ ਅੰਤਰਿ ਮਾਇਆ ਮਾਇਆ ॥ (ਪੰਨਾ 1178)

ਮਨਮੁਖਿ ਹੁਕਮੁ ਨ ਬੁਝੇ ਬਪੁੜੀ ਨਿਤ ਹਉਮੈ ਕਰਮ ਕਮਾਇ ॥
ਵਰਤ ਨੇਮੁ ਸੁਚ ਸੰਜਮੁ ਪੂਜਾ ਪਾਖੰਡਿ ਭਰਮੁ ਨ ਜਾਇ ॥
ਅੰਤਰਹੁ ਕੁਸੁਧੁ ਮਾਇਆ ਮੋਹਿ ਬੇਧੇ
ਜਿਉ ਹਸਤੀ ਛਾਰੁ ਉਡਾਏ ॥ (ਪੰਨਾ 1423)

**ਕੂਰ ਕ੍ਰਿਆ ਉਰਝਿਓ ਸਭ ਹੀ ਜਗ**
**ਸ੍ਰੀ ਭਗਵਾਨ ਕੋ ਭੇਦੁ ਨ ਪਾਇਓ ॥** (ਸਵੱਯੇ ਪਾ: 10)

ਉਪਰਲੇ ਵਿਚਾਰਾਂ ਤੋਂ ਸਿੱਧ ਹੋਇਆ ਕਿ ਮੁੱਢਲੀ ਤੁਕ **'ਮਾਇਆ ਧਾਰੀ ਅਤਿ ਅੰਨਾ ਬੋਲਾ'** ਵਿਚ **'ਮਾਇਆਧਾਰੀ'** ਅਖਰ **'ਹਉਮੈ-ਵੇੜ੍ਹੇ-ਮਨ' ਨੂੰ ਹੀ ਕਿਹਾ ਗਿਆ ਹੈ।**

ਐਸੇ **ਹਉਮੈ-ਵੇੜ੍ਹੇ-ਮਨ** ਨਾਲ ਕਈਆਂ ਕਿਸਮਾਂ ਤੇ ਰੰਗਾਂ ਵਾਲੀ **'ਸੂਖਮ ਮਾਇਆ' ਵਿਚ**



***In pride man comes, in pride he departs.***
***In pride he reflects on virtue or vice.*** 466

In other words in the fold of our religious activities, rites and rituals, *Paath* (recitation of *Gurbani*) ,worship, religious knowledge and meditation, the foremost reason is *'Haumai'* (ego).

*One may perform many religious rites and good actions, but*
*without the Name, accursed and doomed is the proud person.* 162

*The man reads holy texts and studies the Vedas. he practises inner-washing and breath control.*
***But the escapes not from the company of the five evil passions and is all the more tied to haughty disposition.***
***My dear, by these methods, the Lord is met not, and I have performed many such rituals.***
*I have dropped down weary at the Lord's door and pray for the grant of discerning intellect.*
*Man may remain mum, make his hands the leaf-plate and wander naked in the forest,*
*and he may visit river banks, shrines and the whole earth, but duality leaves him not.*
*With him mind's desire he may go and abide at a place of pilgrimage and place his head under the saw,*
*but his soul's impurity departs not thus, even though he may make lakhs of efforts.*
*He may be a man of bounty and give gifts of many sorts, like gold, women, horses and elephants.*
*He may offer corn, clothes and lands in abundance, but he arrives not at the Lord's door.*
*He may remain attached, in love, to worship, adoration, prostrate salutation and six rites.*
***He takes pride, nay, excessive pride and falls into entanglements, by these means, he cannot meet God.***
*The knowledge of the Yoga modes of union with the Lord and of the eighty-four sitting postures of the men of miracles; He grows weary practising these as well.*
*He may attain long life, but without obtaining association with God, he is born again and again.* 641-642

*Through hypocrisy and superstition, people have grown weary of making efforts, but in their mind, they crave for wealth and property.* 1178

*The wretched apostate realises not her Lord's will and ever does deeds in ego.*
*Practising fasting, religious routines, piety, self-discipline and worship, hypocrisy and doubt depart not.*
*They are impure from within, are pierced through with the love of riches and are like the elephant, who, after bathing, throws dust on Himself.* 1423

*The whole world is busy in such false performances without knowing the secret mystery of God.* *Sawaiye Pat:10*

It is clear from the above discussion that the first quotation '**One who is attached to Maya is totally blind and deaf'** the word 'attached to Maya' refers to the **mind that is s ego-ridden**. With such an **ego ridden mind**, man, worn out by the many types and hues of ***'subtle Maya (worldliness***, and living in duality,

**ਜੀਵ ਖਚਤ ਹੋ ਕੇ ਦੂਜੇ ਭਾਉ ਵਿਚ ਵਰਤਦਾ ਹੋਇਆ ਤ੍ਰੈ-ਗੁਣਾਂ ਵਿਚ ਗਲਤਾਨ ਰਹਿੰਦਾ ਹੈ** ਅਤੇ ਆਪਣੇ ਅਸਲੇ **'ਆਤਮਾ'** ਅਥਵਾ **'ਪਰਮਾਤਮਾ' ਤੋਂ ਬਿਲਕੁਲ ਅਣਜਾਣ ਅਥਵਾ 'ਅੰਨਾ-ਬੋਲਾ' ਹੋ ਕੇ ਕਰਮ ਕਰਦਾ ਹੈ।**

**ਮਾਇਆ ਮੋਹਿ ਹਰਿ ਚੇਤੈ ਨਾਹੀ ॥**
ਜਮਪੁਰਿ ਬਧਾ ਦੁਖ ਸਹਾਹੀ ॥
**ਅੰਨਾ ਬੋਲਾ ਕਿਛੁ ਨਦਰਿ ਨ ਆਵੈ**
**ਮਨਮੁਖਿ ਪਾਪਿ ਪਚਾਵਣਿਆ ॥** (ਪੰਨਾ 111)

**ਅੰਨਾ ਬੋਲਾ ਖੁਇ ਉਝੜਿ ਪਾਇ ॥**
**ਮਨਮੁਖੁ ਅੰਧਾ ਆਵੈ ਜਾਇ ॥** (ਪੰਨਾ-314)

**ਮਨ, 'ਅੰਨ੍ਹਾ' ਇਸ ਕਰਕੇ ਹੈ ਕਿ** ਇਹ ਆਪਣੇ ਅੰਦਰ ਵਸਦੀ **'ਆਤਮਿਕ ਜੋਤ'** ਨੂੰ ਵੇਖ ਨਹੀਂ ਸਕਦਾ।

ਪੰਚ ਦੂਤ ਮੁਹਹਿ ਸੰਸਾਰਾ ॥
**ਮਨਮੁਖ ਅੰਧੇ ਸੁਧਿ ਨ ਸਾਰਾ ॥** (ਪੰਨਾ-113)
**ਮਨਮੁਖ ਅੰਧੇ ਕਿਛੂ ਨ ਸੂਝੈ ।**

ਮਰਣੁ ਲਿਖਾਇ ਆਏ ਨਹੀ ਬੂਝੈ ॥ (ਪੰਨਾ-114)

ਅੰਤਰਿ ਵਸਤੁ ਮੂੜਾ ਬਾਹਰੁ ਭਾਲੇ ॥
**ਮਨਮੁਖ ਅੰਧੇ ਫਿਰਹਿ ਬੇਤਾਲੇ ॥** (ਪੰਨਾ-117)

**ਦੇਖੈ ਸੁਣੇ ਨ ਜਾਣਈ ਮਾਇਆ ਮੋਹਿਆ ਅੰਧੁ ਜੀਉ ॥** (ਪੰਨਾ-760)

**ਅੰਧੇ ਏਹਿ ਨ ਆਖੀਅਨਿ ਜਿਨ ਮੁਖਿ ਲੋਇਣ ਨਾਹਿ ॥**
**ਅੰਧੇ ਸੇਈ ਨਾਨਕਾ ਖਸਮਹੁ ਘੁਥੇ ਜਾਹਿ ॥** (ਪੰਨਾ-954)

ਨਾਨਕ ਹੁਕਮੁ ਨ ਬੁਝਈ ਅੰਧਾ ਕਹੀਐ ਸੋਇ ॥ (ਪੰਨਾ-954)
**ਨਿਕਟਿ ਸੁਨਉ ਅਰੁ ਪੇਖਉ ਨਾਹੀ**
**ਭਰਮਿ ਭਰਮਿ ਦੁਖ ਭਰੀਆ ॥** (ਪੰਨਾ-1209)

**'ਬੋਲਾ'** ਅਥਵਾ **'ਸਬਦ ਨ ਸੁਣਈ'—ਮਨ, ਬੋਲ੍ਹਾ', ਇਸ ਕਰਕੇ ਹੈ ਕਿ ਜੀਵ ਅੰਤਰ ਆਤਮੇ 'ਅਨਹਦ ਧੁਨੀ' ਨੂੰ ਸੁਣ ਨਹੀਂ ਸਕਦਾ।**

ਸੁਨਣਾ ਅਸੀਂ **ਸਰੀਰਕ ਕੰਨਾਂ** ਦਾ ਕਰਤਬ ਸਮਝੀ ਬੈਠੇ ਹਾਂ ਪਰ ਗੁਰਬਾਣੀ ਅਨੁਸਾਰ **ਇਹ 'ਸੁਨਣਾ'—ਸੁਰਤੀ ਨੂੰ ਨੌਂ ਗੋਲਕਾਂ ਤੋਂ ਉਚੀ ਚੁਕ ਕੇ, 'ਅਨੁਭਵ' ਦੁਆਰਾ ਹੀ ਸੰਭਵ ਹੋ ਸਕਦਾ ਹੈ।** ਇਸ **ਇਲਾਹੀ ਧੁਨੀ ਨੂੰ** ਸੁਣਨ ਲਈ ਸਾਧ ਸੰਗਤ ਦੁਆਰਾ ਸਿਮਰਨ ਕਰਨ ਨਾਲ ਅੰਤਰ ਆਤਮੇ 'ਅਨੁਭਵ' ਖੁਲ ਸਕਦਾ ਹੈ।



**remains entangled in the three attributes**. Completely ignorant of his original **'soul' or 'the Supreme Soul' (God), both 'blind and deaf' he does deeds.**

***Being in Love with wealth one thing not of God.***
*Bound down in the city of death's myrmidon, he endures hardships.*
***Blind and deaf, as the perverse person is He sees nothing and is putrefied in sin.*** *111*

***He is blind and deaf and losing his way he strays into wilderness.***
***The blind apostate continues coming and going.*** *314*

The **mind is 'blind' because** it cannot see the '**Divine Light'** within itself.

*The blind apostate has no knowledge or hint world*
***The blind apostate has no knowledge or hint world.***
***The blind apostate has no knowledge or him of it.*** *113*

*The blind apostate sees nothing.*
*With death written for him he comes into this world, but he understands it not.* *114*

*Just within is the thing but the fool searches for it without.*
***The blind apostates roam about like demons.*** *117*

***Bewitched by worldly valuables, the blind man sees, hears and understands not.*** *760*

*They**, who have no eyes in their face, are not called blind.***
***They alone are blind, O Nanak, who stray away from their Lord.*** *954*

*Nanak, it is he, who understands not the Lord's will, who is called blind* *954*

***I hear Thou are near, but I see Thee not, wandering in doubt I suffer in sorrow.*** *1209*

**'Deaf'** or '**not hearing the *Shabad*' - The mind is 'deaf' because the being cannot hear the 'eternal sound current' within.**

We seem to have accepted the fact that hearing is the activity of the **physical ears**, but according to *Gurbani* this '**hearing' is only possible through intuition by raising the consciousness above the nine openings** (in the body through which the information is sensed). To hear this '**Divine sound current'**, the 'intuition' can only be developed by doing *Simran* in the company of the holy ones (*Sadh sangat*).

**ਨਉ ਦਰਵਾਜੇ ਦਸਵੈ ਮੁਕਤਾ ਅਨਹਦ ਸਬਦੁ ਵਜਾਵਣਿਆ ॥** (ਪੰਨਾ 110)

**ਮੂੰਦਿ ਲੀਏ ਦਰਵਾਜੇ ॥**
**ਬਾਜੀਅਲੇ ਅਨਹਦ ਬਾਜੇ ॥** (ਪੰਨਾ 656)

ਇਸ ਲੇਖ ਦੀ ਮੁਖ ਪੰਗਤੀ '**ਮਾਇਆ ਧਾਰੀ ਅਤਿ ਅੰਨਾ ਬੋਲਾ**' ਵਿਚ ਮਾਇਆਧਾਰੀ ਅੱਖਰ ਬੜਾ **ਮਹੱਤਵਪੂਰਨ ਤੇ ਗੁੱਝੇ ਭੇਦ ਵਾਲਾ ਹੈ।** ਆਮ ਜਨਤਾ '**ਮਾਇਆ** ਨੂੰ '**ਧਨ**' **ਅਥਵਾ** '**ਸੰਪਤੀ**' ਹੀ ਸਮਝੀ ਬੈਠੇ ਹਨ। ਇਹਨਾਂ ਦੇ ਖਿਆਲ ਵਿਚ '**ਮਾਇਆਧਾਰੀ**' **ਸਿਰਫ ਅਮੀਰਾਂ ਨੂੰ ਹੀ ਕਿਹਾ ਜਾਂਦਾ ਹੈ।** ਇਸ ਲਈ ਜਦ ਅਸੀਂ '**ਮਾਇਆ ਧਾਰੀ ਅਤਿ ਅੰਨਾ ਬੋਲਾ**' ਦੀ ਇਹ ਪੰਗਤੀ ਸੁਣਦੇ ਯਾ ਪੜ੍ਹਦੇ ਹਾਂ ਤਾਂ ਸਾਨੂੰ ਇਹ ਨਿਸਚਾ ਹੰਦਾ ਹੈ ਕਿ ਇਹ ਪੰਗਤੀ **ਸਾਡੇ ਉਤੇ ਲਾਗੂ ਨਹੀਂ ਹੁੰਦੀ** ਕਿਉਂਕਿ ਅਸੀਂ **ਅਮੀਰ ਨਹੀਂ ਹਾਂ।** ਇਹ **ਸਿਰਫ ਅਮੀਰਾਂ ਲਈ** ਉਚਾਰੀ ਹੋਵੇਗੀ। ਸਾਡਾ ਐਸਾ ਖਿਆਲ ਯਾ ਨਿਸਚਾ ਸਾਡੀ **ਮਾਨਸਿਕ ਅਗਿਆਨਤਾ ਦਾ ਸੂਚਕ ਹੈ।** ਜਿਸ ਦੁਆਰਾ ਅਸੀਂ ਗੁਰਬਾਣੀ ਦਾ **ਅਨਰਥ** ਕਰਦੇ ਹਾਂ ਤੇ ਅਪਣੇ ਆਪ ਨਾਲ **ਧੋਖਾ ਕਰਦੇ ਹਾਂ।**

ਜੇ **ਅਮੀਰਾਂ** ਨੂੰ ਹੀ '**ਮਾਇਆਧਾਰੀ**' ਕਿਹਾ ਗਿਆ ਹੁੰਦਾ ਤਾਂ ਉਹ '**ਅਤਿ ਅੰਨਾ ਬੋਲਾ**' ਨਹੀਂ ਹੋ ਸਕਦੇ ਕਿਉਂਕਿ ਉਹ ਬੜੇ ਸਿਆਣੇ ਤੇ, ਚਤੁਰ ਹੁੰਦੇ ਹਨ, ਜਿਸ ਦੇ ਅਧਾਰ ਤੇ ਉਹ 'ਮਾਇਆ' ਕਮਾਂਉਂਦੇ ਤੇ 'ਅਮੀਰ' ਬਣਦੇ ਹਨ।

ਲਾਹਾ ਮਾਇਆ ਕਾਰਨੇ ਦਹ ਦਿਸਿ ਢੂਢਨ ਜਾਇ ॥ (ਪੰਨਾ-261)

ਮਾਇਆ ਕਾਰਣਿ ਕਰੈ ਉਪਾਉ ॥ (ਪੰਨਾ-1151)

**ਭੂਪਤਿ ਰਾਜੇ ਰੰਗ ਰਾਇ ਸੰਚਹਿ ਬਿਖੁ ਮਾਇਆ ॥**
**ਕਰਿ ਕਰਿ ਹੇਤੁ ਵਧਾਇਦੇ ਪਰਦਰਬੁ ਚੁਰਾਇਆ ॥** (ਪੰਨਾ-1245)

**ਮਾਇਆ ਕਾਰਨਿ ਸੂਮੁ ਅਤਿ ਕਰੈ ॥**
**ਸੋ ਮਾਇਆ ਲੈ ਗਾਡੈ ਧਰੈ ॥**
**ਅਤਿ ਸੰਚੈ ਸਮਝੈ ਨਹੀ ਮੂੜੁ ॥**
**ਧਨੁ ਧਰਤੀ ਤਨੁ ਹੋਇ ਗਇਓ ਧੂੜਿ ॥** (ਪੰਨਾ-1252)

ਜਿਸ ਤਰ੍ਹਾਂ '**ਚਾਨਣ ਦੀ ਅਣਹੋਂਦ**' ਹੀ 'ਹਨੇਰਾ' ਹੈ—ਉਸੇ ਤਰ੍ਹਾਂ **ਅਕਾਲ ਪੁਰਖ ਦੀ** '**ਹੋਂਦ**' **ਨੂੰ** '**ਭੁਲਣ**' **ਤੋਂ ਹੀ** '**ਮਾਇਆ**' **ਦਾ ਹਨੇਰ** ਵਰਤਦਾ ਹੈ।

ਜਾ ਤਿਸੁ ਭਾਣਾ ਤਾ ਜੰਮਿਆ ਪਰਵਾਰਿ ਭਲਾ ਭਾਇਆ ॥
**ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ ॥** (ਪੰਨਾ-921)

ਇਸ ਦਾ ਮਤਲਬ ਇਹ ਹੈ ਜਦ ਜੀਵ ਜੰਮਦਾ ਹੈ ਤਾਂ ਉਸ ਨੂੰ '**ਮਾਇਆ ਦਾ ਭੂਤ**' ਆ ਚਿਮੜਦਾ ਹੈ।

ਦੂਜੇ ਲਫ਼ਜ਼ਾਂ ਵਿਚ **ਅਕਾਲ ਪੁਰਖ ਦੀ ਹੋਂਦ ਦੀ** '**ਭੁਲ**' ਤੋਂ ਹੀ '**ਹਉਮੈ**' **ਉਪਜਦੀ ਹੈ ਤੇ ਜੀਵ** '**ਮੈਂ ਮੇਰੀ**' **ਦੇ ਦੂਜੇ-ਭਾਉ ਵਿਚ ਵਿਚਰਦਾ ਹੈ।**



***He, who soars above the nine gates, hears the playing of celestial strain of the tenth one and is emancipated.*** *110*

***I have closed the doors.***
***The celestial music rings within me.*** *656*

The main line of this essay "***One who is attached to Maya is totally blind and deaf'*** the word '*mayadharee'* (one who is attached to *maya*) is **very important and has a hidden connotation**. Most people believe that '***maya*' refers to 'wealth' or 'assets'**. According to them '*mayadharee'* refers **to only those who are rich.** So when we read or listen this line "***One who is attached to Maya is totally blind and deaf'*** we think that this line does not apply to us because **we are not wealthy**. This was perhaps meant **specially for the rich people**. Such a thought is a **pointer to our mental ignorance.** In this way we are doing this injustice to *Gurbani* and **cheating ourselves.**

If the word **'rich'** was being referred to '***mayadharee***', then it is not possible for the rich people to be '**totally blind and deaf'** because usually they are very clever and cunning - the very attributes that help them to earn 'maya' and become 'rich'.

*For the sake of worldly gain, he goes searching in ten directions.* *261*

*He makes effort for the sake of riches* *1151*

***The monarchs, kings and nobles enjoy and amass the poison of wealth***
***Embracing love for it, they increase their wealth, by stealing other's riches.*** *1245*

***For wealth, man makes great effort.***
***That wealth, he takes and buries in the ground.***
***He amasses it a great deal, but the fool understands not.***
***His riches remain in the ground and his body becomes dust*** *1252*

Just like **'the absence of light'** is **darkness**, 'forgetting' **the presence of the infinite being** leads to the **darkness of '*maya*'**.

*When it pleases Him, then the child is born, and the family is well pleased.*
***The Lord's Love departs, greed attaches to the child and mammon's writ begins to run*** *921*

The meaning of this is; the moment a being is born, *'the ghost of maya'* comes and grasps it.

In other words, 'ego' develops from **forgetting the presence of the Infinite being** and the being lives in the 'duality of me -mine' and love of another.

ਯਾ ਜੁਗ ਮਹਿ ਏਕਹਿ ਕਉ ਆਇਆ ॥
**ਜਨਮਤ ਮੋਹਿਓ ਮੋਹਨੀ ਮਾਇਆ ॥** (ਪੰਨਾ-251)

ਮਾਤ ਗਰਭ ਦੁਖ ਸਾਗਰੋ ਪਿਆਰੇ ਤਹ ਅਪਣਾ ਨਾਮੁ ਜਪਾਇਆ ॥
**ਬਾਹਰਿ ਕਾਢਿ ਬਿਖੁ ਪਸਰੀਆ ਪਿਆਰੇ**
**ਮਾਇਆ ਮੋਹੁ ਵਧਾਇਆ ॥** (ਪੰਨਾ-640)

**ਮਾਇਆ ਨਾਮੁ ਗਰਭ ਜੋਨਿ ਕਾ ਤਿਹ ਤਜਿ ਦਰਸਨੁ ਪਾਵਉ ॥** (ਪੰਨਾ-693)

**ਕਹਿ ਕਬੀਰ ਜਿਸੁ ਉਦਰੁ ਤਿਸੁ ਮਾਇਆ ॥** (ਪੰਨਾ- 160)

ਗੁਰਬਾਣੀ ਵਿਚ **'ਮਾਇਆ' ਦਾ ਸਰੂਪ** ਇਉਂ ਦਰਸਾਇਆ ਗਿਆ ਹੈ –

ਬਾਬਾ ਮਾਇਆ ਰਚਨਾ ਧੋਹੁ ॥
**ਅੰਧੇ ਨਾਮੁ ਵਿਸਾਰਿਆ ਨਾ ਤਿਸੁ ਏਹ ਨ ਓਹੁ ॥** (ਪੰਨਾ-15)

ਮਾਇਆ ਮੋਹਿ ਵਿਸਾਰਿਆ ਜਗਤ ਪਿਤਾ ਪ੍ਰਤਿਪਾਲਿ । (ਪੰਨਾ-30)

**ਜਿਨੀ ਰਾਮੋ ਰਾਮ ਨਾਮੁ ਵਿਸਾਰਿਆ ਸੇ ਮਨਮੁਖ ਮੂੜ ਅਭਾਗੀ ਰਾਮ ॥**
**ਤਿਨ ਅੰਤਰੇ ਮੋਹੁ ਵਿਆਪੈ ਖਿਨੁ ਖਿਨੁ ਮਾਇਆ ਲਾਗੀ ਰਾਮ ॥**
**ਮਾਇਆ ਮਲੁ ਲਾਗੀ ਮੂੜ ਭਏ ਅਭਾਗੀ**
**ਜਿਨ ਰਾਮਨਾਮੁ ਨਹ ਭਾਇਆ ॥** (ਪੰਨਾ-443)

**ਰਾਮਨਾਮ ਕਾ ਸਿਮਰਨੁ ਛੋਡਿਆ ਮਾਇਆ ਹਾਥਿ ਬਿਕਾਨਾ ॥** (ਪੰਨਾ-684)

**ਇਨਿ ਮਾਇਆ ਜਗਦੀਸ ਗੁਸਾਈ ਤੁਮ੍ਰੇ ਚਰਨ ਬਿਸਾਰੇ ॥** (ਪੰਨਾ-857)

**ਇਹ ਮਾਇਆ ਜਿਤੁ ਹਰਿ ਵਿਸਰੈ ਮੋਹੁ ਉਪਜੈ**
**ਭਾਉ ਦੂਜਾ ਲਾਇਆ ॥** (ਪੰਨਾ-921)

ਹਰ ਇਕ ਜੀਵ ਜਦ ਉਪਜਦਾ ਹੈ ਤਾਂ ਉਸ ਨੂੰ ਮਾਇਆ ਦਾ **'ਭਰਮ'** ਆ ਚਿਮੜਦਾ ਹੈ ਤੇ ਉਸੇ 'ਭਰਮ-ਮਈ' ਹਨੇਰ ਖਾਤੇ ਵਿਚ ਸਾਰੀ ਉਮਰ ਪਲਚ-ਪਲਚ ਕੇ ਮਰ ਜਾਂਦਾ ਹੈ ।

**ਮਾਇਆ ਹੋਈ ਨਾਗਨੀ ਜਗਤਿ ਰਹੀ ਲਪਟਾਇ ॥**
**ਇਸ ਕੀ ਸੇਵਾ ਜੋ ਕਰੇ ਤਿਸ ਹੀ ਕਉ ਫਿਰਿ ਖਾਇ ॥** (ਪੰਨਾ-510)

**ਹਉਮੈ ਮਮਤਾ ਮੋਹਣੀ ਮਨਮੁਖਾ ਨੋ ਗਈ ਖਾਇ ॥**
**ਜੋ ਮੋਹਿ ਦੂਜੈ ਚਿਤੁ ਲਾਇਦੇ ਤਿਨਾ ਵਿਆਪਿ ਰਹੀ ਲਪਟਾਇ ॥** ਪੰਨਾ-513)

**ਮਾਇਆ ਮੋਹਿ ਹਰਿ ਸਿਉ ਚਿਤੁ ਨ ਲਾਗੈ ॥**
**ਦੂਜੈ ਭਾਇ ਘਣਾ ਦੁਖੁ ਆਗੈ ॥**
**ਮਨਮੁਖ ਭਰਮਿ ਭੁਲੇ ਭੇਖਧਾਰੀ ਅੰਤਕਾਲਿ ਪਛੁਤਾਤਾ ਹੇ ॥** (ਪੰਨਾ-1052)



*In this world, the mortal is come to meditate on the Lord alone.*
***Since his very birth, he is allured by the fascinating mammon.*** *251*

*The mother's womb is an ocean of pains, O dear; there too, the Lord causes His Name to be repeated.*
***Emerging out, his evil passions develop, O and his love for worldly valuables increases.*** *640*

***Mammon is the name of the power which causes man to take birth through womb. Abandoning that, I obtain the Lord's sight.*** *693*

***Says Kabir, the mammon afflicts any one who has needs (belly).*** *1160*

In *Gurbani* the 'form of maya or worldliness' is explained as follows –

*O Father! deceitful is the splendor of worldly object.*
***The (spiritually) blind man has forgotten God's Name. He neither abides** in peace in this world nor in the next.* *15*
*In the love of wealth, they have forgotten the Father of the World. the cherisher.* *30*
***Self-willed, foolish and unfortunate are they who have forgotten the name of the Lord Master.***
***Their heart is engrossed in worldly love, and every moment, mammon remains attached to them.***
***The filth of worldly-valuables clings to them who love not Lord's Name, they become unfortunate fools.*** *443*
***It has forsaken the meditation of the Lord's Name and has sold itself to worldly attachments*** *684*
***O Lord of the world and Master of the universe, this worldliness has made me forget Thine feet.*** *857*
***Such is this mammon, by which the Lord is forgotten, worldly love wells up and one is attached to the love of another.*** *921*

As a person grows up, the '**illusion**' of worldliness comes and clings on to him, he gets so entangles and absorbed in this 'fallacy ridden' pitch darkness all his life and then he dies.

***Mammon is a she-serpent, which is clinging to the world***
***He, who performs her service him she ultimately devours.*** *510*
***Egotism and egoism stimulate the mammonish instinct and it eats up the apostates.***
***They who attach their mind to another's love this mammon sticks and clings to them.*** *513*
***In the love of worldly valuables, man's mind attaches not to God,***
***loving another, the mortal suffers great sorrow in the yonder world.***
***The hypocritical egocentrics stray in doubt and regret at the last moment.***
*1052*

ਤ੍ਰਿਬਿਧਿ ਮਾਇਆ ਰਹੀ ਬਿਆਪਿ ॥
ਜੋ ਲਪਟਾਨੋ ਤਿਸੁ ਦੂਖ ਸੰਤਾਪ ॥ (ਪੰਨਾ 1145)

ਬਿਨੁ ਕਰਮਾ ਸਭ ਭਰਮਿ ਭੁਲਾਈ ॥
ਮਾਇਆ ਮੋਹਿ ਬਹੁਤੁ ਦੁਖੁ ਪਾਈ ॥
ਮਨਮੁਖ ਅੰਧੇ ਠਉਰ ਨ ਪਾਈ ॥
ਬਿਸਟਾ ਕਾ ਕੀੜਾ ਬਿਸਟਾ ਮਾਹਿ ਸਮਾਈ ॥ (ਪੰਨਾ 1175)

ਏਹ ਤ੍ਰਿਗੁਣ ਮਾਇਆ ਜਿਨਿ ਜਗਤੁ ਭੁਲਾਇਆ
ਜਨਮ ਮਰਣ ਕਾ ਸਹਸਾ ॥ (ਪੰਨਾ 1257)

ਮਾਇਆ ਪਟਲ ਪਟਲ ਹੈ ਭਾਰੀ
ਘਰੁ ਘੂਮਨਿ ਘੇਰਿ ਘੁਲਾਵੈਗੋ ॥ (ਪੰਨਾ 1308)

ਦੂਜੇ ਲਫਜ਼ਾਂ ਵਿਚ ਸਾਡਾ –

ਸਰੀਰ
ਮਨ
ਚਿਤ
ਬੁੱਧੀ
ਸੋਚਣੀ
ਰੀਝਾਂ
ਦੁਖ
ਸੁਖ
ਖੁਸ਼ੀ
ਗਮੀ
ਸਿਆਣਪ
ਗਿਆਨ-ਧਿਆਨ
ਫਿਲਾਸਫੀਆਂ
ਕਾਮ
ਕ੍ਰੋਧ
ਲੋਭ
ਮੋਹ
ਪਿਆਰ
ਰੋਸੇ-ਗਿਲੇ
ਈਰਖਾ-ਦਵੈਤ

***Whosoever clings to it; him harass pain and sorrow.*** *1145*

***Without God's grace, all go astray in doubt.***
***Through love of riches, man suffers a great pain.***
***The blind egocentric finds no place of rest.***
***He is the worm of ordure and putrifies in ordure.*** *1175*

***This mammon of three qualities has strayed the world and it abides under the fear of birth and death.*** *1257*

***Mammon veil is a great veil and through it, man lands in the whirlpool of desire, wherein his home is destroyed*** *1308*

In other words, our --

body
mind
consciousness
intelligence
thinking
desires
suffering
comforts
happiness
grief
wisdom
spiritual knowledge & meditation
philosophies
lust
anger
greed
attachment
love
resentment-grievance
jealousy – duality

ਵੈਰ-ਵਿਰੋਧ
ਖਿਆਲ
ਨਿਸਚੇ
ਸ਼ਰਧਾ-ਭਾਵਨੀ
ਕਰਮ-ਧਰਮ
ਜਾਪ-ਤਾਪ
ਦਾਨ-ਪੁੰਨ
ਜੰਮਣ-ਮਰਣ
ਨਰਕ-ਸੁਰਗ

ਆਦਿ, **ਹਰ ਇਕ ਖਿਆਲਾਂ ਅਥਵਾ ਭਾਵਨਾਵਾਂ ਵਿਚ 'ਹਉਂ'-ਧਾਰੀ ਮਾਇਆ', ਅਨੇਕਾਂ ਰੰਗਾਂ–ਤਰੰਗਾਂ ਵਿਚ, ਲਿਸ਼ਕਾਰੇ ਮਾਰਦੀ ਰਹਿੰਦੀ ਹੈ।**

**ਬਹੁ ਰੰਗ ਮਾਇਆ ਬਹੁ ਬਿਧਿ ਪੇਖੀ ॥** (ਪੰਨਾ 179)

**ਮਾਇਆ ਬਿਆਪਤ ਬਹੁ ਪਰਕਾਰੀ ॥** (ਪੰਨਾ 182)

**ਮੋਹਨੀ ਮਹਾ ਬਚਿਤ੍ਰਿ ਚੰਚਲਿ ਅਨਿਕ ਭਾਵ ਦਿਖਾਵਏ ॥** (ਪੰਨਾ 847)

**ਬਹੁ ਬਿਧਿ ਮਾਇਆ ਮੋਹ ਹਿਰਾਨੋ ॥** (ਪੰਨਾ 1269)

**ਮਾਇਆ ਮਮਤਾ ਹੈ ਬਹੁ ਰੰਗੀ ॥** (ਪੰਨਾ 1342).

ਇਸ **'ਹਉਂ'–ਧਾਰੀ ਮਾਇਆ' ਦਾ ਅਹਿਸਾਸ(Consciousness)** ਕਈਆਂ ਜਨਮਾਂ ਤੋਂ ਸਾਡੇ **ਆਪਣੇ ਅਭਿਆਸ ਦੁਆਰਾ ਸਾਡੇ ਅੰਤਿਸ਼ਕਰਨ ਵਿਚ ਧਸ-ਵਸ-ਰਸ ਕੇ ਦ੍ਰਿੜ੍ਹ ਹੋ ਚੁਕਿਆ ਹੈ ਤੇ ਸਾਡੇ ਜੀਵਨ ਦਾ ਅਨਿਖੜਵਾਂ ਅੰਗ ਬਣ ਚੁਕਿਆ ਹੈ** ਅਥਵਾ **'ਮਾਇਆ' ਹੀ ਸਾਡਾ 'ਜੀਵਨ ਰੂਪ' ਬਣ ਚੁਕੀ ਹੈ।**

ਇਹ '**ਜੀਵਨ-ਰੂਪ ਮਾਇਕੀ ਰੰਗਣ**' ਸਾਡੇ ਜੀਵਨ ਦੇ ਹਰ ਪੱਖ ਵਿਚ ਅਣਜਾਣੇ ਹੀ, ਅਵੱਸ਼ **ਪ੍ਰਵਿਰਤ ਹੁੰਦੀ ਰਹਿੰਦੀ ਹੈ ਅਤੇ ਅਨੇਕਾਂ ਰੰਗਾਂ–ਤਰੰਗਾਂ ਵਿਚ ਲਿਸ਼ਕਾਰੇ ਮਾਰਦੀ ਰਹਿੰਦੀ ਹੈ।**

ਮਿਸਾਲ ਦੇ ਤੌਰ ਤੇ—

ਮੇਰਾ ਸਰੀਰ
ਮੇਰਾ ਪਰਵਾਰ
ਮੇਰੀ ਸੰਪਤੀ
ਮੇਰੀ ਸਿਆਣਪ
ਮੇਰੀ ਕਾਮਨਾ

ਆਦਿ, ਦੁਆਰਾ ਸਾਡੇ ਖਿਆਲਾਂ, ਬੋਲ-ਚਾਲ, ਹਰਕਤਾਂ, ਭਾਵਨਾਵਾਂ ਵਿਚ **'ਮੈਂ' ਅਥਵਾ**



enmity - confrontation
thoughts
belief
devotedness
rites & rituals
meditation-penance
donation-charity
birth-death
hell-heaven

etc. 'egotistical *Maya*' is reflected in numerous colours and waves in every thought or desire,

***The mammon of many forms, I have seen in many ways.*** *179*

***The mammon effects in many ways.*** *182*

***The mammon is supremely wondrous and restless and exhibits various dalliances.*** *847*

***In many a way, the love of mammon has cheated the mortal.*** *1269*

***Of many a kind is the love of mammon.*** *1342*

Over many births, through constant **meditation,** '**egotistical *Maya's* consciousness, has pierced**, **permeated and diffused into our sub-consciousness and has become an intrinsic part of our life**. In fact '***Maya*' has become our 'life-style'.**

This **'maya tainted life-style'** unknowingly keeps surfacing into every facet of our life, **without fail, and is reflected through many hues and wave forms.**

For example, by saying

my body
my family
my property
my wisdom
my desire

etc. **the feeling of 'me' or 'mine'** that is reflected through our thinking, conversation and desires and

'ਮੇਰੀ' ਦਾ ਅਹਿਸਾਸ ਸਾਡੇ ਮਨ ਦੇ ਤਾਣੇ-ਪੇਟੇ, ਓਤ-ਪੋਤ ਵਿਚ ਰਵਿ ਰਹਿਆ ਭਰਪੂਰ ਹੈ, ਤੇ ਅਵੱਸ਼ ਹੀ ਪ੍ਰਵਿਰਤ ਹੁੰਦਾ ਰਹਿੰਦਾ ਹੈ। ਇਸ 'ਮੈਂ-ਮੇਰੀ' ਦੀ ਭਾਵਨਾ ਤੋਂ ਬਗੈਰ ਸਾਡੇ ਜੀਵਨ ਦੀ ਕੋਈ ਗੱਲ ਪੂਰਨ ਨਹੀਂ ਹੁੰਦੀ ।

ਪੁਤ੍ਰ ਕਲਤ੍ਰ ਉਰਝਿਓ ਜਾਨਿ ਮੇਰੀ ॥ (ਪੰਨਾ 179)

ਮੇਰੀ ਮੇਰੀ ਕਰਿ ਕਰਿ ਡੂਬੇ ਖਪਿ ਖਪਿ ਮੁਏ ਗਵਾਰਾ ॥ (ਪੰਨਾ 380)

ਮਾਇਆ ਮੋਹੁ ਅੰਧੁ ਅੰਧਾਰਾ ॥
ਹਉਮੈ ਮੇਰਾ ਪਸਰਿਆ ਪਾਸਾਰਾ ॥
ਅਨਦਿਨੁ ਜਲਤ ਰਹੈ ਦਿਨੁ ਰਾਤੀ
ਗੁਰ ਬਿਨੁ ਸਾਂਤਿ ਨ ਹੋਈ ਹੇ ॥ (ਪੰਨਾ 1045)

ਮਾਇਆ ਮੋਹੁ ਦੁਖੁ ਸਾਗਰੁ ਹੈ ਬਿਖੁ ਦੁਤਰੁ ਤਰਿਆ ਨ ਜਾਇ ॥
ਮੇਰਾ ਮੇਰਾ ਕਰਦੇ ਪਚਿ ਮੁਏ ਹਉਮੈ ਕਰਤ ਵਿਹਾਇ ॥ (ਪੰਨਾ 1416)

ਇਹ ਸਾਰਾ ਸੰਸਾਰ ਹੀ **'ਹਉਮੈ' ਦੇ 'ਭਰਮ-ਭੁਲਾਵੇ' ਵਿਚੋਂ ਉਪਜਿਆ ਹੈ ਅਤੇ ਇਸ ਝੂਠੇ 'ਭਰਮ ਭੁਲਾਵੇ' ਦੀ 'ਮਾਇਆ' ਵਿਚ ਲਥ-ਪਥ ਹੋ ਕੇ ਪਲਚ–ਪਲਚ ਕੇ ਖੁਆਰ ਹੋ ਰਿਹਾ ਹੈ।**

ਅੰਤਰਿ ਅਲਖੁ ਨ ਜਾਈ ਲਖਿਆ ਵਿਚਿ ਪੜਦਾ ਹਉਮੈ ਪਾਈ ॥
ਮਾਇਆ ਮੋਹਿ ਸਭੋ ਜਗੁ ਸੋਇਆ
ਇਹੁ ਭਰਮੁ ਕਹਹੁ ਕਿਉ ਜਾਈ ॥ (ਪੰਨਾ 205

ਦੂਜੇ ਲਫਜ਼ਾਂ ਵਿਚ ਇਹ ਸਾਰਾ ਸੰਸਾਰ **'ਭਰਮ-ਮਈ ਮਾਇਆ'** ਦਾ ਹੀ

**ਪਰਛਾਵਾਂ**
**ਪ੍ਰਗਟਾਵਾ**
**ਪ੍ਰਵਿਰਤੀ**
**ਵਰਤ ਵਰਤਾਰਾ**
**ਬੋਲ-ਬਾਲਾ**
**ਵਿਸਥਾਰ**
**ਪਸਾਰਾ**
**'ਵਡ ਖੇਲ ਤਮਾਸ਼ਾ'** ਹੈ।

ਜਿਸ ਤਰ੍ਹਾਂ **ਚਾਨਣ ਦੀ ਅਣਹੋਂਦ** ਨੂੰ ਹੀ **'ਹਨੇਰਾ'** ਕਿਹਾ ਜਾਂਦਾ ਹੈ। ਜਦ ਚਾਨ ਪ੍ਰਗਟ ਹੋ ਜਾਵੇ ਤਾਂ **'ਹਨੇਰਾ' ਆਪ੍ਹੂੰ ਉਡ–ਪੁਡ ਜਾਂਦਾ ਹੈ।** ਇਸੇ ਤਰ੍ਹਾਂ ਅਕਾਲ ਪੁਰਖ **'ਨਾਮ' ਦੀ ਆਤਮਿਕ ਰੋਸ਼ਨੀ ਤੋਂ ਬਗੈਰ** ਅਥਵਾ **'ਭੁਲ' ਨੂੰ ਹੀ 'ਮਾਇਆ' ਕਿਹ ਜਾਂਦਾ ਹੈ।**



**is intertwined, diffused and so integral in our mind that it keeps on surfacing without fail. Without this desire of 'me - mine', none of the things in our life will be fulfilled.**

***Deeming them his own, he is entangled with his sons, and wife.*** *179*
***Continually speaking of their selfhood, men are drowned. The fools pine away and die.*** *380*

***Inky darkness is the love of riches,***
***The entire world is the expanse of ego and selfhood.***
***Night and day, the mortal ever continues to burn and without the Guru, he obtains not peace.*** *1045*

***The love of wealth is an arduous ocean of pain and poison, which can be crossed not.***
***The egocentrics pass their life taking pride and saying "it is mine, it is mine"; they putrefy to death.*** *1417*

This whole creation emerged from **the 'delusion' of 'egotism' and bewitched in this false 'delusion' of '*Maya'* and it continues to go astray.**

***The Incomprehensible Lord is within, but owing to the intervening curtain of ego, He cannot be seen.***
***In the love of mammon, the entire world is asleep. Say How can this doubt depart?*** *205*

In other words, this whole creation is the

shadow
manifestation
growth
dealings
supremacy
extension
expanse
'massive play of drama'

of the '**illusory *maya***'.

The **absence of light is called 'darkness'**. When light manifests itself, the **'darkness' dissipates by itself.** Similarly, without **the divine light of the Infinite being,** '***Naam***' or its '**forgetfulness' is called '*Maya*'**.

ਹਰਿ ਸਾਜਨੁ ਪੁਰਖੁ ਵਿਸਾਰਿ ਕੈ ਲਗੀ ਮਾਇਆ ਧੋਹੁ ॥ (ਪੰਨਾ 133)
ਹਉਮੈ ਨਾਵੈ ਨਾਲਿ ਵਿਰੋਧੁ ਹੈ
ਦੁਇ ਨ ਵਸਹਿ ਇਕ ਠਾਇ ॥ (ਪੰਨਾ 560)
ਨਾਮੁ ਵਿਸਾਰਿ ਮਨਿ ਤਨਿ ਦੁਖੁ ਪਾਇਆ ॥
ਮਾਇਆ ਮੋਹੁ ਸਭੁ ਰੋਗੁ ਕਮਾਇਆ ॥ (ਪੰਨਾ 1064)
ਨਿਰਭਉ ਨਾਮੁ ਵਿਸਾਰਿਆ ਨਾਲਿ ਮਾਇਆ ਰਚਾ ॥ (ਪੰਨਾ 1099)
ਜਉ ਲਉ ਰਿਦੈ ਨਹੀ ਪਰਗਾਸਾ ਤਉ ਲਉ ਅੰਧ ਅੰਧਾਰਾ ॥ (ਪੰਨਾ 1205)
ਜਿਨੀ ਨਾਮੁ ਵਿਸਾਰਿਆ ਕੂੜੈ ਲਾਲਚਿ ਲਗਿ ॥
ਧੰਧਾ ਮਾਇਆ ਮੋਹਣੀ ਅੰਤਰਿ ਤਿਸਨਾ ਅਗਿ ॥ (ਪੰਨਾ 1413)

ਇਸ 'ਮਾਇਕੀ ਅਗਿਆਨਤਾ' ਦੇ ਭਰਮ ਵਿਚ **ਜੀਵ ਨੂੰ ਅਪਣੇ ਅਸਲੀ 'ਜੋਤ-ਸਰੂਪੀ' 'ਆਪੇ' ਦੀ ਸੋਝੀ ਅਥਵਾ ਗਿਆਨ ਨਹੀਂ ਹੁੰਦਾ** – ਜਿਸ ਕਰਕੇ ਉਹ **ਆਪਣੇ ਆਤਮਿਕ 'ਵਿਰਸੇ' ਤੋਂ 'ਅਤਿ ਅੰਨਾ ਬੋਲਾ' ਹੁੰਦਾ ਹੈ।** ਇਸ ਤਰ੍ਹਾਂ **ਅਕਾਲ ਪੁਰਖ ਦੀ ਹੋਂਦ ਨੂੰ 'ਭੁੱਲ' ਕੇ ਝੂਠੀ ਮਾਇਆ ਦੇ ਹਨੇਰ ਖਾਤੇ** ਵਿਚ ਅਮੀਰ, ਗਰੀਬ, ਸਿਆਣੇ, ਗਿਆਨੀ, ਫਿਲਾਸਫਰ, ਭਲੇ-ਭਲੇਰੇ ਆਦਿ ਜੀਵ ਹੀ, ਸਰੀਰਕ 'ਅੰਨਿਆਂ-ਬੋਲ਼ਿਆਂ' ਵਾਂਗ, **ਪਲਚ-ਪਲਚ ਕੇ ਕਰਮ ਕਰਦੇ ਤੇ ਦੁਖੀ ਹੁੰਦੇ ਰਹਿੰਦੇ ਹਨ।**

ਮਾਇਆ ਮੋਹਿ ਇਹੁ ਜਗੁ ਸੁਤਾ ॥
ਨਾਮੁ ਵਿਸਾਰਿ ਅੰਤਿ ਵਿਗੁਤਾ ॥ (ਪੰਨਾ 112)
ਮਾਇਆ ਮੋਹੁ ਜਗਤੁ ਸਬਾਇਆ ॥
ਤ੍ਰੈ ਗੁਣ ਦੀਸਹਿ ਮੋਹੇ ਮਾਇਆ ॥...
ਦੇਵੀ ਦੇਵਾ ਮੂਲੁ ਹੈ ਮਾਇਆ ॥
ਸਿੰਮ੍ਰਿਤਿ ਸਾਸਤ ਜਿੰਨਿ ਉਪਾਇਆ ॥
ਕਾਮੁ ਕ੍ਰੋਧੁ ਪਸਰਿਆ ਸੰਸਾਰੇ ॥
ਆਇ ਜਾਇ ਦੁਖੁ ਪਾਵਣਿਆ ॥ (ਪੰਨਾ 129)
ਅੰਤਰਿ ਅਲਖੁ ਨਾ ਜਾਈ ਲਖਿਆ ਵਿਚਿ ਪੜਦਾ ਹਉਮੈ ਪਾਈ ॥
ਮਾਇਆ ਮੋਹਿ ਸਭੋ ਜਗੁ ਸੋਇਆ
ਇਹੁ ਭਰਮੁ ਕਹਹੁ ਕਿਉ ਜਾਈ ॥ (ਪੰਨਾ 205)

ਇਹ ਸਾਰੀ **'ਖੇਲ'** ਤ੍ਰੈ-ਗੁਣਾਂ ਤੋਂ ਉਪਰ, **ਚੌਥੇ ਪਦ ਦੀ 'ਅਨੁਭਵੀ ਖੇਲ' ਹੈ** ਜਿਸ ਨੂੰ ਸਾਡੀ ਅਲਪ ਬੁੱਧੀ ਦੀਆਂ ਚਤੁਰਾਈਆਂ, ਉਕਤੀਆਂ, ਜੁਗਤੀਆਂ, ਗਿਆਨ, ਫਿਲਾਸਫੀਆਂ **'ਪਕੜ' ਨਹੀਂ ਸਕਦੀਆਂ, ਅਥਵਾ 'ਅਨੁਭਵ' ਨਹੀਂ ਕਰ ਸਕਦੀਆਂ।**

ਇਸ ਲਈ **ਸਾਰੇ 'ਮਾਇਆਧਾਰੀ' ਅਥਵਾ ਮਾਇਕੀ ਅਗਿਆਨਤਾ ਦੇ ਭਰਮ ਵਿਚ ਫਸੇ ਹੋਏ 'ਜੀਵ'** —

***They forget Lord God the Friend and are attached with the deceitful wealth.*** 133

***Ego is at variance with the Name: the two dwell not in one place.*** 560
***Forgetting the Name, man's body and mind suffer sorrow.***

***Through the love of riches, he earns nothing but disease.*** 1064

***Man forsake the Name of the Fear-free Lord and is attached to mammon.*** 1099

***As long as man's mind is illumined not, so long he remains in blind darkness.*** 1205

***Attached to false greed, they, who forget the Name,***
***have the fire of desire in their mind and are engrossed in the affairs of the enticing mammon.*** 1413

In the fallacy of 'worldly ignorance', **man is neither aware nor does he have any knowledge of the reality of his divine-light self**. As a result, he is 'truly **blind and deaf' to his own divine 'heritage'**. In this way by '**forgetting' the existence of Infinite Lord within**, **in the darkness of the false illusive maya,** playing the role of the rich, the poor, the wise, the intellectual, the philosopher, the virtuous etc. man like the physically 'blind and deaf' people gets bewitched and **keeps on doing deeds and thus keeps suffering.**

***In the love of wealth this world is asleep.***
***Forgetting the Name, it is ultimately ruined.*** 112

***The entire universe is engrossed in the love of worldly valuables.***
***The beings of three dispositions are seen bewitched by mammon...***
***The great illusion is the origin of goddesses and gods,***
***for those were composed ceremonial treatises and schools of philosophy.***
***Lust and wrath are diffused in the world so in coming and going the mortals suffer pain.*** 129

***The Incomprehensible Lord is within, but owing to the intervening curtain of ego, He cannot be seen.***
***In the love of mammon, the entire world is asleep. Say How can this doubt depart?*** 205

This whole **'play'** is beyond the 'three dimensions'. It is the **'intuitional play' of the fourth dimension**, which our limited intellect's craftiness, schemes, planning, knowledge and philosophie**s cannot 'grasp' or become 'aware of'.**

For this reason, **all the '*Maya* orientated' or those who are caught in the ignorance of worldliness (or materialism) being are -**

ਆਤਮਿਕ ਮਡਲ ਦੀ 'ਅਨਹਦ ਧੁਨੀ' ਤੋਂ 'ਬੋਲੇ', ਅਤੇ
ਇਲਾਹੀ ਮੰਡਲ ਦੇ ਅਚਰਜ ਕ੍ਰਿਸ਼ਮਿਆਂ ਤੋਂ 'ਅੰਨੇ' ਹਨ ।

**ਮਾਇਆ ਮੋਹਿ ਹਰਿ ਚੇਤੈ ਨਾਹੀ ॥**
**ਜਮਪੁਰਿ ਬਧਾ ਦੁਖ ਸਹਾਹੀ ॥**
**ਅੰਨਾ ਬੋਲਾ ਕਿਛੁ ਨਦਰਿ ਨ ਆਵੈ**
**ਮਨਮੁਖ ਪਾਪਿ ਪਚਾਵਣਿਆ ॥** (ਪੰਨਾ 111)

**ਸਬਦੁ ਨ ਜਾਣਹਿ ਸੇ ਅੰਨੇ ਬੋਲੇ ਸੇ ਕਿਤੁ ਆਏ ਸੰਸਾਰਾ ॥**
ਹਰਿ ਰਸੁ ਨ ਪਾਇਆ ਬਿਰਥਾ ਜਨਮੁ ਗਵਾਇਆ ਜੰਮਹਿ ਵਾਰੋ ਵਾਰਾ ॥
**ਬਿਸਟਾ ਕੇ ਕੀੜੇ ਬਿਸਟਾ ਮਾਹਿ ਸਮਾਣੇ**
**ਮਨਮੁਖ ਮੁਗਧ ਗਵਾਰਾ ॥** (ਪੰਨਾ 601)

**ਪੇਖਤ ਚਾਖਤ ਕਹੀਅਤ ਅੰਧਾ ਸੁਨੀਅਤ ਸੁਨੀਐ ਨਾਹੀ ॥**
**ਨਿਕਟਿ ਵਸਤੁ ਕਉ ਜਾਣੈ ਦੂਰੇ ਪਾਪੀ ਪਾਪ ਕਮਾਹੀ ॥** (ਪੰਨਾ 741)

**ਸਿਮ੍ਰਿਤਿ ਸਾਸਤ ਅੰਤੁ ਨ ਜਾਣੈ ॥**
**ਮੂਰਖੁ ਅੰਧਾ ਤਤੁ ਨ ਪਛਾਣੈ ॥** (ਪੰਨਾ 1061)

**ਅਗਿਆਨੀ ਅੰਧੇ ਦੂਜੈ ਲਾਗੇ ॥**
**ਬਿਨੁ ਪਾਣੀ ਡੁਬਿ ਮੂਏ ਅਭਾਗੇ ॥** (ਪੰਨਾ 1063)

**'ਬਹੁ ਰੋਲ ਘਚੋਲਾ'**[8] ਦੀ ਪੰਗਤੀ ਤੋਂ ਹੋਰ ਵੀ ਸਪਸ਼ਟ ਹੁੰਦਾ ਹੈ ਕਿ ਗੁਰਬਾਣੀ ਵਿਚ ਸਾਨੂੰ ਕਿਤਨੀ **ਸਖਤ ਤਾੜਨਾ** ਕੀਤੀ ਗਈ ਹੈ ।

ਸਾਡੀ ਬਿਰਤੀ ਜਦ **ਇਲਾਹੀ 'ਏਕੇ' ਵਿਚ ਟਿਕੀ ਹੋਵੇ** ਤਾਂ **'ਸਬਦ-ਸੁਰਤ-ਸਮਾਧ' ਵਿਚ** ਸਾਡੀ ਆਤਮਾ ਕਿਸੇ **ਇਲਾਹੀ ਰੰਗ-ਰਸ-ਚਾਉ ਅਤੇ ਪ੍ਰੇਮ ਸਵੈਪਨਾ ਵਿਚ ਅਲਮਸਤ ਮਤਵਾਰੀ ਤੇ ਗੜੂੰਦ ਹੋਵੇਗੀ** ।

**ਏਕਸੁ ਚਰਣੀ ਜੇ ਚਿਤੁ ਲਾਵਹਿ ਲਬਿ ਲੋਭਿ ਕੀ ਧਾਵਸਿਤਾ ॥** (ਪੰਨਾ 156)

**ਸੁੰਨ ਸਮਾਧਿ ਅਨਹਤ ਤਹ ਨਾਦ ॥**
**ਕਹਨੁ ਨ ਜਾਈ ਅਚਰਜ ਬਿਸਮਾਦ ॥** (ਪੰਨਾ 293)

**ਏਕੋ ਚੇਤੈ ਮਨੂਆ ਨ ਡੋਲੈ ਧਾਵਤੁ ਵਰਜਿ ਰਹਾਵੈ ॥**
**ਸਹਜੇ ਮਾਤਾ ਸਦਾ ਰੰਗਿ ਰਾਤਾ ਸਾਚੇ ਕੇ ਗੁਣ ਗਾਵੈ ॥** (ਪੰਨਾ 634)

**ਬਿਸਮ ਭਈ ਪੇਖਿ ਬਿਸਮਾਦੀ ਪੂਰਿ ਰਹੇ ਕਿਰਪਾਵਤ ॥**
**ਪੀਓ ਅੰਮ੍ਰਿਤ ਨਾਮੁ ਅਮੋਲਕ**
**ਜਿਉ ਚਾਖਿ ਗੂੰਗਾ ਮੁਸਕਾਵਤ ॥** (ਪੰਨਾ 1205)



**'Deaf' to the 'infinite sound current' of the divine world and 'blind' to the wondrous miracles of the spiritual realm.**

***Being in Love with wealth one thing not of God.***
***Bound down in the city of death's myrmidon, he endures hardships.***
***Blind and deaf, as the perverse person is, He sees nothing and is putrefied in sin.*** *111*

***Blind and deaf are they, who know not the Name What for did they come in the world?***
***They attain not God's elixir, waste their life in vain and are born again and over again.***
***The foolish and idiotic infidels are the worms of ordure and in ordure putrefy they.*** *601*

***Seeing with the eyes, man is called blind and hearing he hears not.***
***He who abides near; Him he deems distant. The sinner ever commits sins.*** *741*

***The Simirtis and Shastras know not His limit***
***The blind fool recognises not the Reality.*** *1061*

***The blind, ignorant one are yoked to another.***
***they, the unfortunate ones, are drowned to death without water.*** *1063*

From the phrase '**so much noise and confusion**', it is explicitly clear that *Gurbani* is severely warning us.

When our attention is focused in the divine '**oneness'** then our soul, **in the meditative 'wordless word, mind-state' will get truly intoxicated and absorbed in the divine hue-relish-joy and love of the inner self**.

***If thou fix thy mind on one Lord's feet, why should thou, then, run after avarice and greed?*** *156*

***There is deep meditation and melody of celestial music there.***
***The wonder and marvel of it can not be narrated.*** *293*

***The One Lord, he remembers, his mind wavers not and he stops and restrains the mind's wanderings.***
***He is inebriated with the Divine pleasure and is ever imbued with Lord's love and sings he the praise of the True one.*** *634*

***I am wonderstruck seeing my wonderous Lord. My Merciful Master is filling all.***
***I in-drink, the invaluable Name-Nectar, and like the dumb, who only smiles I can utter not its taste.*** *1205*

**ਏਕ ਸਬਦਿ ਰਾਚੈ ਸਚਿ ਸਮਾਇ ॥** (ਪੰਨਾ 1275)

**ਇਸ ਦੇ 'ਉਲਟ'** ਜਦ ਸਾਡੇ ਹਉਮੈ ਵੇੜ੍ਹੇ ਮਨ ਉਤੇ ਅਨੇਕਾਂ ਕਿਸਮ ਦੀ **ਮਾਇਕੀ ਪਾਣ ਚੜ੍ਹੀ ਹੋਵੇ ਤਾਂ ਇਹ ਮਨ ਆਤਮਿਕ ਜੋਤ ਸਰੂਪੀ 'ਚਾਨਣ' ਤੋਂ ਵਾਂਝਾ ਹੋ ਕੇ ਮਾਇਆ ਦੇ ਹਨੇਰੇ ਵਿਚ, ਵਿਚਰਦਾ ਹੈ। ਆਤਮਿਕ 'ਅਨੁਭਵੀ ਗਿਆਨ' ਤੋਂ 'ਅੰਨਾ-ਬੋਲਾ' ਹੋ ਕੇ ਮਾਇਆ ਦੇ ਹਨੇਰੇ ਵਿਚ, ਹਉਮੈ ਦੇ ਅਧਾਰ ਤੇ ਹੀ ਸੋਚਦਾ ਤੇ ਕਰਮ ਕਰਦਾ 'ਝੂਠੇ ਧੰਧੇ ਮੋਹੁ' ਵਿਚ ਪਲਚ-ਪਲਚ ਕੇ ਦੁਖ ਕਲੇਸ਼ ਭੋਗਦਾ ਅਤੇ ਜਨਮ-ਮਰਣ ਦੇ ਅਤੁੱਟ ਚੱਕਰ ਵਿਚ ਫਸਿਆ ਰਹਿੰਦਾ ਹੈ।**

**ਤ੍ਰੈ ਗੁਣ ਬਿਖਿਆ ਅੰਧੁ ਹੈ ਮਾਇਆ ਮੋਹ ਗੁਬਾਰ ॥**
**ਲੋਭੀ ਅਨ ਕਉ ਸੇਵਦੇ ਪੜਿ ਵੇਦਾ ਕਰੈ ਪੂਕਾਰ ॥**
**ਬਿਖਿਆ ਅੰਦਰਿ ਪਚਿ ਮੁਏ ਨਾ ਉਰਵਾਰੁ ਨ ਪਾਰੁ ॥** (ਪੰਨਾ 30)

**ਮਾਇਆ ਮੋਹੁ ਗੁਬਾਰੁ ਹੈ ਤਿਸ ਦਾ ਨ ਦਿਸੈ ਉਰਵਾਰੁ ਨ ਪਾਰੁ ॥**
**ਮਨਮੁਖ ਅਗਿਆਨੀ ਮਹਾ ਦੁਖੁ ਪਾਇਦੇ**
**ਡੁਬੇ ਹਰਿ ਨਾਮੁ ਵਿਸਾਰਿ ॥** (ਪੰਨਾ 89)

**ਮਾਇਆ ਮਾਇਆ ਕੇ ਜੋ ਅਧਿਕਾਈ ਵਿਚਿ ਮਾਇਆ ਪਚੈ ਪਚੀਜੈ ॥**
**ਅਗਿਆਨੁ ਅੰਧੇਰੁ ਮਹਾ ਪੰਥੁ ਬਿਖੜਾ**
**ਅਹੰਕਾਰਿ ਭਾਰਿ ਲਦਿ ਲੀਜੈ ॥** (ਪੰਨਾ 1326)

ਜੇ ਗਹੁ ਨਾਲ ਤਕੀਏ ਤਾਂ **ਸਾਡਾ 'ਮਨ' ਪਾਰੇ ਵਾਂਗ ਇਕ ਖਿਨ ਭੀ ਟਿਕ ਨਹੀਂ ਸਕਦਾ।** ਹਰ ਖਿਨ ਇਹ ਮਾਇਕੀ **'ਦੂਜੇ ਭਾਉ'** ਦੇ ਅਸਰ ਹੇਠ ਲਬ, ਲੋਭ, ਕਾਮ, ਕਰੋਧ, ਮੋਹ ਆਦਿ ਦੀਆਂ **ਵਾਸ਼ਨਾਵਾਂ ਦਾ ਪਰੇਰਿਆ ਹੋਇਆ ਫਿਕਰ, ਚਿੰਤਾ, ਈਰਖਾ, ਦਵੈਤ ਵਿਚ ਗਲਤਾਨ ਰਹਿੰਦਾ ਅਤੇ ਕਰਮ ਕਰਦਾ ਹੈ।** ਜਦੋਂ ਕੰਮਾਂ-ਕਾਰਾਂ ਤੋਂ ਵਿਹਲਾ ਹੋ ਕੇ ਸੌਂਦਾ ਹੈ ਤਾਂ **ਨੀਂਦ ਵਿਚ ਭੀ ਸੁਪਨੇ ਚੈਨ ਨਹੀਂ ਲੈਣ ਦਿੰਦੇ,** ਕਿਉਂਕਿ ਇਸ ਵਿਚ ਪੰਜਾਂ ਦੀਆਂ ਰਚੀਆਂ ਹੋਈਆਂ ਅਨੇਕਾਂ **ਕਿਸਮਾਂ ਦੀਆਂ ਵਾਸ਼ਨਾਵਾਂ ਦਾ 'ਭੜਥੂ' ਤੇ ਰੋਲ-ਘਚੋਲਾ' ਪਿਆ ਰਹਿੰਦਾ ਹੈ।**

**ਮਾਇਆ ਵਿਚਿ ਸਹਜੁ ਨ ਊਪਜੈ ਮਾਇਆ ਦੂਜੈ ਭਾਇ ॥** (ਪੰਨਾ 68)

**ਅਹਿਨਿਸਿ ਮਗਨੁ ਰਹੈ ਮਾਇਆ ਮੈ**
**ਕਹੁ ਕੈਸੇ ਗੁਨ ਗਾਵੈ ॥** (ਪੰਨਾ 219)

**ਕਬਹੂ ਜੀਅੜਾ ਊਭਿ ਚੜਤੁ ਹੈ ਕਬਹੂ ਜਾਇ ਪਇਆਲੇ ॥**
**ਲੋਭੀ ਜੀਅੜਾ ਥਿਰੁ ਨ ਰਹਤੁ ਹੈ ਚਾਰੇ ਕੁੰਡਾ ਭਾਲੇ ॥** (ਪੰਨਾ 876)

**ਦਿਸੰਤਰੁ ਭਵੈ ਅੰਤਰੁ ਨਹੀ ਭਾਲੇ ॥**
**ਮਾਇਆ ਮੋਹਿ ਬਧਾ ਜਮਕਾਲੇ ॥** (ਪੰਨਾ 1060)



***Permeating in the One Name one merges in the True Lord.*** *1275*

**In contrast to this,** when our ego-ridden mind is coated with the **chrome of worldliness, it detaches itself from the 'divine light 'form and lives in the darkness of *maya*. Being blind and deaf to the divine 'intuitional knowledge', in the darkness of maya, man thinks and does deeds under the influence of his ego. Entangled in the 'false deeds and attachment', he suffers pain and agony and continues to be entrapped in the vicious cycle of births and deaths**.

***Thou art blinded by the wickedness of three dispositions and the darkness of the attachment of wealth.***
***The men of avarice serve others, even though they advertise their study of Vedas.***
***In sin they are burnt down to death. They are neither on this shore nor on the yonder.*** *30*

***The love of wealth is darkness. It's this shore and yonder one are not seen.***
***The ignorant self -willed person suffer supreme pain and are drowned, forgetting God's Name.*** *89*

***They, who are the great lovers of mammon or Maya, in mammon they putrefy.***
***Exceedingly gloomy and arduous is the path of spiritual ignorance and the mortal is loaded with the heavy load of self-conceit.*** *1326*

If we look carefully, **our mind, like mercury, does not pause even for a moment**. Every moment, under the influence of worldly **'love of duality', propelled** by the **sensuous greed, lust, anger, attachment, pride etc. it does deeds and remains entangled in fear, anxiety, jealousy and duality.** Even when the mind is free from work and **tries to sleep, even there, the dreams do not allow it any peace,** because within it, is the tempest of noise and confusion, caused by the **numerous types of sensuousness created by these five passions.**

***In Maya (worldly attachment) mental equilibrium springs not. The worldly attachment produces duality.*** *68*
***Day and night, he remains engrossed in mammon. Tell me how can he sing God's glories?*** *219*
***At times, the mind soars high up and at times it falls to the nether regions.***
***The greedy mind remains not steady and searches for wealth etc. in all the four directions.*** *876*
***Man wanders through foreign countries but searches not his inner self.***
***Bewitched by worldly valuables, he is bound down by the myrmidon of death.*** *1060*

ਮਾਇਆ ਮੋਹੁ ਬਹੁ ਚਿਤਵਦੇ ਬਹੁ ਆਸਾ ਲੋਭੁ ਵਿਕਾਰ ॥
ਮਨਮੁਖਿ ਅਸਥਿਰੁ ਨਾ ਥੀਐ
ਮਰਿ ਬਿਨਸਿ ਜਾਇ ਖਿਨ ਵਾਰ ॥ (ਪੰਨਾ 1417)

ਇਸੇ **'ਰੌਲ-ਘਚੋਲੇ' ਕਾਰਣ** ਸਾਡਾ ਮਨ ਅੰਤਰਮੁਖੀ ਦਿੱਬਦ੍ਰਿਸ਼ਟੀ ਦੁਆਰਾ **ਆਤਮਿਕ ਜੋਤ ਦੇ 'ਦਰਸ਼ਨ' ਨਹੀਂ ਕਰ ਸਕਦਾ ਤੇ 'ਅਨਹਦ ਤਤ ਸਬਦ' ਦੀ 'ਧੁਨੀ' ਸੁਨਣ ਤੋਂ ਅਸਮਰਥ ਰਹਿੰਦਾ ਹੈ**। ਇਸ ਤਰ੍ਹਾਂ ਆਪਣੇ **ਵਿਰਸੇ ਦੀ ਆਤਮਿਕ ਸ਼ਾਂਤੀ, ਰੰਗ, ਰਸ, ਚਾਉ, ਪ੍ਰੇਮ ਸਵੈਪਨਾ ਤੋਂ ਵਾਂਝਿਆ ਜਾਂਦਾ ਹੈ**। ਦੁਖ ਦੀ ਗੱਲ ਇਹ ਹੈ ਕਿ ਅਸੀਂ ਗੁਰਬਾਣੀ ਦੇ ਇਹੋ ਜਿਹੇ ਤੀਖਣ, ਤਾੜਨਾਮਈ ਉਪਦੇਸ਼ **ਪੜ੍ਹ, ਸੁਣ, ਗਾ ਕੇ ਵੀ 'ਮਾਇਆ ਦੀ ਰੰਗਤ' ਵਿਚ ਗਲਤਾਨ ਹੋ ਕੇ ਅਗਿਆਨਤਾ ਵਿਚ ਫਸੇ ਹੋਏ ਹਾਂ ਅਤੇ ਗੁਰਮਤਿ ਤੋਂ ਅਣਜਾਣ ਅਵੇਸਲੇ ਢੀਠ ਹੋ ਕੇ ਆਪਣਾ ਅਮੋਲਕ ਜੀਵਨ ਮਾਇਆ ਦੇ 'ਝੂਠੇ ਲਿਸ਼ਕਾਰੇ' ਵਿਚ ਅਜਾਈਂ ਗਵਾ ਰਹੇ ਹਾਂ**।

ਮਾਇਆ ਮੋਹੁ ਮੇਰੈ ਪ੍ਰਭਿ ਕੀਨਾ ਆਪੇ ਭਰਮਿ ਭੁਲਾਏ ॥
ਮਨਮੁਖਿ ਕਰਮ ਕਰਹਿ ਨਹੀ ਬੂਝਹਿ ਬਿਰਥਾ ਜਨਮੁ ਗਵਾਏ ॥ (ਪੰਨਾ 67)

ਦੁਰਲਭ ਦੇਹ ਪਾਇ ਮਾਨਸ ਕੀ ਬਿਰਥਾ ਜਨਮੁ ਗਵਾਏ ॥
ਮਾਇਆ ਮੋਹ ਮਹਾ ਸੰਕਟ ਬਨ
ਤਾ ਸਿਉ ਰੁਚ ਉਪਜਾਵੈ ॥ (ਪੰਨਾ 220)

**'ਮਾਇਆਧਾਰੀ'** ਜੀਵਾਂ ਦੇ ਖਿਆਲ, ਲੋੜਾਂ, ਖਾਹਸ਼ਾਂ, ਨਿਸਚੇ **ਭਿੰਨ-ਭਿੰਨ ਹੋਣ ਕਾਰਣ ਆਪਸ ਵਿਚ ਰੋਸੇ ਗਿੱਲੇ, ਈਰਖਾ-ਦਵੈਤ, ਵੈਰ-ਵਿਰੋਧ ਆਦਿ ਭਾਵਨਾਂ ਹੋਣੀਆਂ ਲਾਜ਼ਮੀ ਹਨ**, ਜਿਸ ਕਾਰਣ ਇਹਨਾਂ ਦੇ ਮਨ ਵਿਚ **ਖਿੱਚੋਤਾਣ, 'ਰੌਲ-ਘਚੋਲਾ' ਅਥਵਾ ਦੂਜੇ ਭਾਉ ਦਾ 'ਭੜਥੂ' ਮਚਿਆ ਰਹਿੰਦਾ ਹੈ**। ਐਸੇ **ਮਾਇਕੀ ਮਨ ਦੇ 'ਰੌਲ ਘਚੋਲਾ' ਅਥਵਾ 'ਭੜਥੂ' ਦੇ ਰਾਮ ਰੌਲੇ ਵਿਚ ਸਬਦ ਦੀ ਧੁਨੀ ਸੁਣ ਨਹੀਂ ਸਕਦੀ ਅਤੇ ਨਾ ਹੀ ਅੰਤ੍ਰ-ਆਤਮੇ ਇਲਾਹੀ ਜੋਤ ਦੇ 'ਦਰਸ਼ਨ' ਹੋ ਸਕਦੇ ਹਨ**।

ਤਦੇ ਗੁਰਬਾਣੀ ਸਾਡੇ ਲਈ ਇਹ **ਉਪਦੇਸ਼** ਕਰਦੀ ਹੈ—

ਕਹੁ ਨਾਨਕ ਜਿਨਿ ਧੂਰਿ ਸੰਤ ਪਾਈ ॥
ਤਾ ਕੈ ਨਿਕਟਿ ਨ ਆਵੈ ਮਾਈ ॥ (ਪੰਨਾ 182)

ਥਿਰੁ ਘਰਿ ਬੈਸਹੁ ਹਰਿਜਨ ਪਿਆਰੇ ॥
ਸਤਿਗੁਰਿ ਤੁਮਰੇ ਕਾਜ ਸਵਾਰੇ ॥ (ਪੰਨਾ 201)

ਜਾ ਕਉ ਰੇ ਕਿਰਪਾ ਕਰੈ ਜੀਵਤ ਸੋਈ ਮਰੈ
ਸਾਧ ਸੰਗਿ ਮਾਇਆ ਤਰੈ ॥ ਪੰਨਾ (213)

ਮਨ ਅਪੁਨੇ ਮਹਿ ਫਿਰਿ ਫਿਰਿ ਚੇਤ ॥
ਬਿਨਸਿ ਜਾਇ ਮਾਇਆ ਕੇ ਹੇਤ ॥ (ਪੰਨਾ 238)



***The egocentrics give immense thought to riches, worldly love, many hopes, avarice and sins.***
***Such perverse persons become not stable and die and perish away in a moment.*** *1417*

Due to **this noise and confusion, our mind is unable to witness the divine light through intuitional spiritual insight. Hence, we remain incapable of hearing the 'sound current' of the 'essence of the eternal word'**. In this way we remain divorced from our **birth right of divine peace, hue, relish, joy and love of the inner self**. The painful thing is that after reading, listening and singing Gurbani's intense warning-filled messages, **we are still absorbed in 'worldly intoxication' and trapped in ignorance. By being unaware, negligent and stubborn, we are unnecessarily wasting our precious life in the false glamour of maya or worldliness.**

***Attachment of mammon is the creation of my Master, and He Himself misleads man into an illusion.***
***The self-willed do misleads and understand not. They lose their life in vain.*** *67*
***Having obtained the scarcely obtainable human body, he passes his life in vain.***
***The love of mammon is very agonising forest, yet with that the man conceives affection.*** *220*

Since the thoughts, needs, wishes, desires of '**materialistic**' people are different, **it is inevitable that feelings like anger-grievance, jealousy-duality arise amongst them.** This is the reason why in their mind the **noise and confusion of tension, anger-grievance or duality keeps burning. In the noise and confusion of such a materialistic ridden mind, the sound current of the word can not be heard and neither can the divine light within be witnessed.**

That is why *Gurbani* has this advice for us**: --**

***Says Nanak, who has obtained the dust of the Saints feet.,***
***the mammon does not draw near him.*** *182*

***Sit steadily at home, O dear slaves of God.***
*The True Guru has arranged your affairs.* *201*

***He, unto whom Lord shows mercy, remains dead in life, and joining the Society of Saints, crosses the sea of mammon.*** *213*

*Within thy mind, again and again, think upon God,*
***and thy love for mammon shall depart.*** *238*

ਨਾਨਕ ਮਾਇਆ ਕਾ ਦੁਖੁ ਤਦੇ ਚੂਕੈ
ਜਾ ਗੁਰਸਬਦੀ ਚਿਤੁ ਲਾਏ ॥ (ਪੰਨਾ 246)

ਕਰਿ ਕਿਰਪਾ ਸਤਸੰਗਿ ਮਿਲਾਏ ॥
ਨਾਨਕ ਤਾ ਕੈ ਨਿਕਟਿ ਨ ਮਾਏ ॥ (ਪੰਨਾ 251)
ਧਧਾ ਧਾਵਤ ਤਉ ਮਿਟੈ ਸੰਤ ਸੰਗਿ ਹੋਇ ਬਾਸੁ ॥ (ਪੰਨਾ 257)
ਨਾਮੁ ਨਿਧਾਨੁ ਗੁਰਮੁਖਿ ਜੋ ਜਪਤੇ ॥
ਬਿਖੁ ਮਾਇਆ ਮਹਿ ਨਾ ਓਇ ਖਪਤੇ ॥ (ਪੰਨਾ 257)

ਸੇਖਾ ਚਉਚਕਿਆ ਚਉਵਾਇਆ ਏਹੁ ਮਨੁ ਇਕਤੁ ਘਰਿ ਆਣਿ ॥
ਏਹੜ ਤੇਹੜ ਛਡਿ ਤੂ ਗੁਰ ਕਾ ਸਬਦੁ ਪਛਾਣੁ ॥ (ਪੰਨਾ 646)

ਮਾਇਆ ਮੋਹ ਭਰਮੁ ਭਉ ਕਾਟੈ ਸੰਤ ਸਰਣਿ ਜੋ ਆਵੈ ॥ (ਪੰਨਾ 748)
ਬਿਸ੍ਰਾਮ ਪ੍ਰਾਏ ਮਿਲਿ ਸਾਧ ਸੰਗਿ
ਤਾ ਤੇ ਬਹੁੜਿ ਨ ਧਾਉ ॥ (ਪੰਨਾ 818)
ਓਟ ਗਹੀ ਜਗਤ ਪਿਤ ਸਰਣਾਇਆ ॥
ਭੈ ਭਇਆਨਕ ਜਮਦੂਤ ਦੁਤਰ ਹੈ ਮਾਇਆ ॥
ਹੋਹੁ ਕ੍ਰਿਪਾਲ ਇਛਾ ਕਰਿ ਰਾਖਹੁ
ਸਾਧ ਸੰਤਨ ਕੈ ਸੰਗਿ ਸੰਗਾ ॥ (ਪੰਨਾ 1083)

ਕਰਿ ਕਿਰਪਾ ਮੇਲਹੁ ਸਤ ਸੰਗਤਿ
ਤੂਟਿ ਗਈ ਮਾਇਆ ਜਮਜਾਲੀ ॥ ਪੰਨਾ 1134)

***O Nanak only then is the pain of wealth vacated, when man attaches his mind to Gurbani.*** *246*

***Whom the Lord showers His benediction & unites with the society of Saints, Nanak, mammon draws not near him.*** *251*

***Dh: Then alone does the wandering cease when man attains an abode in Saints Society*** *257*

***They who through the Guru ponder over the Name treasure, are not destroyed in (by) the mammon -poison.*** *257*

*Th**ou, O Sheikh, who art wandering in four directions, and art flown by four winds, bring this mind of thine into the Lord's One Mansion.
Abandon thou thine crooked ways and realise the Guru's instruction**.* *646*

***The Lord banishes the Love of wealth, doubt and dread of him, who enters the saint's sanctuary****.* *748*

*Meeting with the saints' guild I have found peace and from there I shall wander no more.* *818*
*I have grasped the protection and support of the Father of the world.*
*Dreadful is the terrible myrmidon of death and impassable is the sea of mammon.*
***Be Thou merciful, O Lord, save me in Thy will and associate me with the society me with the Society of the saints.*** *1083*

***Take Thou pity on me, O Lord and unite me with the society of saints, that my noose of the fatal mammon be snapped.*** *1134*



**End.**